# ਮਡਿਊਲ –1

# ਪਾਠਕ੍ਰਮ, ਸਿੱਖਿਆਰਥੀ ਕੇਂਦਰਿਤ ਸਿੱਖਿਆ ਸ਼ਾਸਤਰ, ਸਿੱਖਣ ਦੇ ਨਤੀਜੇ ਅਤੇ ਸੰਮਲਿਤ ਸਿੱਖਿਆ

Module 1 - Curriculum, Learning Outcomes.indd 1 19-08-2019 13:24:56

ਇੱਕ ਅਧਿਆਪਕ ਕਦੇ ਵੀ ਸੱਚਮੁੱਚ ਨਹੀਂ ਸਿਖਾ ਸਕਦਾ ਜਦੋਂ ਤੱਕ ਉਹ ਖੁਦ ਨਹੀਂ ਸਿੱਖ ਰਿਹਾ। ਇੱਕ ਦੀਵਾ ਖੁਦ ਬਲ ਕੇ ਹੀ ਦੂਜੇ ਦੀਵੇ ਨੂੰ ਰੌਸ਼ਨੀ ਦੇ ਸਕਦਾ ਹੈ।ਇੱਕ ਅਧਿਆਪਕ ਜੋ ਆਪਣੇ ਵਿਸ਼ੇ ਦੇ ਸਿਖਰ ਤੱਕ ਪਹੁੰਚ ਗਿਆ ਹੈ, ਜਿਸ ਦੇ ਗਿਆਨ ਵਿੱਚ ਕੋਈ ਹੋਰ ਵਾਧਾ ਨਹੀਂ ਹੋ ਰਿਹਾ ਹੈ ਅਤੇ ਪਾਠਾਂ ਦੀ ਸਿਰਫ਼ ਦੁਹਰਾਈ ਤੱਕ ਸੀਮਿਤ ਹੈ, ਉਹ ਆਪਣੇ ਵਿਦਿਆਰਥੀਆਂ ਦੇ ਦਿਮਾਗ ਨੂੰ ਭਰ ਤਾਂ ਸਕਦਾ ਹੈ ਪਰੰਤੂ ਤੇਜ਼ ਨਹੀਂ ਕਰ ਸਕਦਾ।

(ਰਬਿੰਦਰਨਾਥ ਟੈਗੋਰ)

# ਪਾਠਕ੍ਰਮ, ਸਿੱਖਿਆਰਥੀ ਕੇਂਦਰਿਤ ਸਿੱਖਿਆ ਸ਼ਾਸਤਰ, ਸਿੱਖਣ ਦੇ ਨਤੀਜੇ ਅਤੇ ਸੰਮਲਿਤ ਸਿੱਖਿਆ

ਮਡਿਊਲ -1

## ਸੰਖੇਪ ਜਾਣਕਾਰੀ

ਸਿੱਖਿਆ ਦਾ ਅਧਿਕਾਰ ਐਕਟ (ਆਰ.ਟੀ.ਈ.), 2009 ਅਤੇ ਸਾਲਾਂ ਦੀ ਸਾਡੀ ਸਿੱਖਿਆ ਨੀਤੀ ਦੇ ਨਤੀਜਿਆਂ ਦੇ ਫਲਸਰੂਪ, ਸਾਡੀਆਂ ਜਮਾਤਾਂ ਦੀ ਸੰਰਚਨਾ ਵਿੱਚ ਨਾਟਕੀ ਬਦਲਾਵ ਆਇਆ ਹੈ। ਅਧਿਆਪਕ ਅਤੇ ਅਧਿਆਪਕ-ਕੋਚ ਦੇ ਰੂਪ ਵਿੱਚ ਤੁਹਾਨੂੰ ਵਿਦਿਆਰਥੀਆਂ ਦੀ ਭਿਨਤਾ ਦੀ ਸੰਖੇਪ ਜਾਣਕਾਰੀ ਤੋ ਬਾਅਦ ਤੁਹਾਨੂੰ ਇਹ ਤਜ਼ਰਬਾ ਹੋ ਗਿਆ ਹੋਵੇਗਾ ਕਿ ਤੁਸੀ ਸਾਰੇ ਵਿਦਿਆਰਥੀਆਂ ਨੂੰ ਇਕ ਤਰੀਕੇ ਨਾਲ ਨਹੀਂ ਪੜ੍ਹਾ ਸਕਦੇ ਅਤੇ ਅਜਿਹਾ ਕਰਨਾ ਵੀ ਨਹੀਂ ਚਾਹੀਦਾ। ਸਿੱਖਣ-ਸਿੱਖਾਉਣ ਦੇ ਕੁਝ ਅਜਿਹੇ ਅਭਿਆਸਾਂ ਨੂੰ ਅਪਣਾਓਣ ਦੀ ਜਰੂਰਤ ਹੈ, ਜਿਹੜੇ ਕਿ ਸਾਰੇ ਵਿਦਿਆਰਥੀਆਂ ਨੂੰ ਚਣੋਤੀਪੂਰਨ ਮੋਕੇ ਪ੍ਰਦਾਨ ਕਰਦੇ ਹੋਣ ਤਾਂ ਜੋ ਉਹਨਾ ਨੂੰ ਵੀ ਸਫਲਤਾ ਦਾ ਅਹਿਸਾਸ ਕਰਵਾਇਆ ਜਾਵੇ। ਇਸ ਤਰਾਂ ਦੇ ਅਭਿਆਸ ਹੁਣ ਪਹਿਲਾ ਤੋਂ ਕਿਤੇ ਜਿਆਦਾ ਮਜਬੂਤੀ ਨਾਲ ਸਾਡੇ ਸਾਹਮਣੇ ਹਨ।

*"ਜੇਕਰ ਕੁਝ ਵਿਦਿਆਰਥੀ ਸਾਡੇ ਸਿਖਾਉਣ ਦੇ ਤਰੀਕੇ ਤੋਂ ਨਹੀਂ ਸਿੱਖ ਸਕਦੇ ਤਾਂ ਸ਼ਾਇਦ ਸਾਨੂੰ ਓਹਨਾ ਦੇ ਸਿੱਖਣ ਤੇ ਤਰੀਕੇ ਦੇ ਨਾਲ ਸਿਖਾਉਣਾ ਚਾਹੀਦਾ ਹੈ।"*

*Ignacio Estrada*[1]

ਇਸ ਮਡਿਊਲ ਦਾ ਮੁੱਖ ਮੰਤਵ ਅਧਿਆਪਕਾਂ ਦੀ ਸਹਾਇਤਾ ਕਰਨਾ ਹੈ। ਤੁਹਾਡੇ ਵਰਗੇ ਸਿੱਖਿਆਕ ਜਮਾਤਾਂ ਵਿੱਚ ਮੌਜੂਦ ਵਿਭਿੰਨਤਾ ਤੇ ਨਜ਼ਰ ਮਾਰਨ ਅਤੇ ਉਹਨਾ ਸਿੱਖਣ ਵਿਧੀਆਂ ਤੇ ਵਿਚਾਰ ਕਰਨ ਜੋ ਸਿੱਖਣ ਸਿਖਾਉਣ ਵਿੱਚ ਸਭ ਤੋਂ ਵੱਧ ਢੁੱਕਵੇਂ ਹੋਣ। ਦਿੱਤੇ ਗਏ ਸੁਝਾਵ ਖੋਜ ਅਤੇ ਤਜ਼ਰਬਿਆਂ ਤੋਂ ਇਕੱਠੇ ਕੀਤੇ ਗਏ ਹਨ। ਇਹ ਇਕੋ ਜਮਾਤ ਵਿੱਚ ਸਿੱਖਣ ਦੀਆਂ ਵੱਖੋ ਵੱਖਰੀਆਂ ਜਰੂਰਤਾਂ ਨੂੰ ਪੂਰਾ ਕਰਨ ਲਈ ਤੁਹਾਨੂੰ ਵਧੇਰੇ ਸ਼ਮੂਲੀਅਤ-ਵਾਤਾਵਰਣ ਵਿਕਸਿਤ ਕਰਨ ਵਿੱਚ ਸਹਾਇਤਾ ਕਰਨਗੇ। ਇਹ ਸਮੱਗਰੀ ਰਾਸ਼ਟਰੀ ਸਿੱਖਿਆ ਨੀਤੀਆਂ, ਪਾਠਕ੍ਰਮ, ਪਾਠ ਪੁਸਤਕਾਂ, ਨੈਸ਼ਨਲ ਪਾਠਕ੍ਰਮ ਫਰੇਮਵਰਕ (ਖਾਸਕਰ ਐਨਸੀਐਫ 2005), ਹਾਲ ਹੀ ਵਿੱਚ ਵਿਕਸਿਤ ਸਿੱਖਣ ਦੇ ਨਤੀਜੇ (ਪਾਠਕ੍ਰਮ ਦੀਆਂ ਉਮੀਦਾਂ ਅਤੇ ਵਿਦਿਅਕ ਪ੍ਰਕਿਰਿਆਵਾਂ ਨਾਲ ਸਬੰਧ ਜੋੜਨਾ) ਨੂੰ ਨੇੜੇ ਤੋਂ ਦੇਖਣ ਦਾ ਇੱਕ ਅਵਸਰ ਵੀ ਪ੍ਰਦਾਨ ਕਰਦੀ ਹੈ।

ਭਾਰਤ ਬਹੁਤ ਸਾਰੇ ਖੇਤਰੀ ਅਤੇ ਸਥਾਨਕ ਸਭਿਆਚਾਰਾਂ ਤੋਂ ਬਣਿਆ ਇੱਕ ਬਹੁਸਭਿਆਚਾਰਕ ਸਮਾਜ ਹੈ। ਲੋਕਾਂ ਦੇ ਧਾਰਮਿਕ ਵਿਸ਼ਵਾਸ, ਜੀਵਨ ਅੰਗ ਅਤੇ ਸਮਾਜਿਕ ਸੰਬੰਧਾਂ ਦੀ ਉਨ੍ਹਾਂ ਦੀ ਸਮਝ ਇਕ ਦੁਜੇ ਤੋਂ ਵੱਖਰੀ ਹੈ। ਸਾਰੇ ਸਮੂਹਾਂ ਨੂੰ ਸਹਿ-ਮੌਜੂਦਗੀ ਅਤੇ ਪ੍ਰਫੁੱਲਤ ਹੋਣ ਦੇ ਬਰਾਬਰ ਅਧਿਕਾਰ ਹਨ ਅਤੇ ਸਿੱਖਿਆ ਪ੍ਰਣਾਲੀ ਨੂੰ ਸਾਡੇ ਸਮਾਜ ਵਿਚ ਸਭਿਆਚਾਰਕ ਬਹੁਲਤਾਵਾਦ ਦਾ ਜਵਾਬ ਦੇਣ ਦੀ ਲੋੜ ਹੈ. - ਰਾਸ਼ਟਰੀ ਪਾਠਕ੍ਰਮ ਫਰੇਮਵਰਕ (ਐਨਸੀਐਫ) 2005

***ਜਰੂਰੀ ਸੂਚਨਾ*** - ਸਿਖਲਾਈ ਦੇ ਦੌਰਾਨ ਅਧਿਆਪਕ-ਪ੍ਰੀਸ਼ਿਕਸ਼ਕਾਂ ਅਤੇ ਰਿਸੋਰਸ ਪਰਸਨ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਗਰੁੱਪਾਂ ਵਿੱਚ ਕੰਮ, ਗਰੁੱਪ ਚਰਚਾ, ਆਪਸੀ ਗੱਲਬਾਤ ਅਤੇ ਮਨਨ ਦੇ ਹੋਰ ਕਈ ਤਰੀਕਿਆਂ ਨਾਲ ਭਾਗ ਲੈਣ ਵਾਲਿਆਂ ਨੂੰ ਸਰਗਰਮ ਤਰੀਕਿਆਂ ਨਾਲ ਸ਼ਾਮਿਲ ਕਰੇ। ਪਾਠ ਵਿੱਚ ਕਿਤੇ-ਕਿਤੇ ਦਿੱਤੇ ਗਏ ਚਰਚਾ ਬਿੰਦੂਆਂ ਦਾ ਉਪਯੋਗ ਕੀਤਾ ਜਾ ਸਕਦਾ ਹੈ।

## ਸਿੱਖਣ ਦੇ ਉਦੇਸ਼

ਇਹ ਮਡਿਊਲ ਅਧਿਆਪਕਾਂ ਦੀ ਸਹਾਇਤਾ ਕਰੇਗਾ :

- ਵਿਦਿਅਕ ਨੀਤੀਆਂ, ਰਾਸ਼ਟਰੀ ਪਾਠਕ੍ਰਮ ਦੀ ਰੂਪ ਰੇਖਾ ਦੇ ਵਿਕਾਸ, ਕਾਰਜਾਂ ਅਤੇ ਉਦੇਸ਼ਿਤ ਲੈਣ ਦੇਣ ਵਾਲੇ ਅਤੇ ਮੁਲਾਂਕਣ ਪਾਠਾਕ੍ਰਮ ਵਿੱਚ ਸਬੰਧਾ ਦਾ ਵਰਨਣ ਕਰੋ।

---


[1] **Ignacio Estrada, *Director* for Grants Administration at Gordon and Betty Moore Foundation; http://www.aids.org.**

# ਮਡਿਊਲ -1

- ਰਾਸ਼ਟਰੀ ਪਾਠਕ੍ਰਮ ਫਰੇਮਵਰਕ 2005 ਦੇ ਪਰਿਪੇਖਾਂ ਨੂੰ ਸਮਝਾਉਣਾ ਅਤੇ ਇਸਦਾ ਅਨੁਵਾਦ ਪਾਠਕ੍ਰਮ ਅਤੇ ਪਾਠ ਪੁਸਤਕਾਂ ਵਿੱਚ ਕਰਨਾ।
- ਵੰਨ-ਸੁਵੰਨਤਾ ਦੀ ਡੂੰਘੀ ਸਮਝ ਦਾ ਵਿਕਾਸ ਕਰਨਾ ਅਤੇ ਸੰਮਲਿਤ ਸਿੱਖਿਆ ਨੂੰ ਉਤਸਾਹਿਤ ਕਰਨ ਦੇ ਰਵੱਈਏ ਨੂੰ ਪ੍ਰਾਪਤ ਕਰਨਾ।
- ਉਚਿਤ ਪੈਡਾਗੋਜੀ ਦੀ ਵਰਤੋਂ ਕਰਦਿਆਂ ਬੱਚਿਆ ਦੇ ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਮੌਜੂਦਾ ਹੁਨਰਾਂ ਨੂੰ ਮਜਬੂਤ ਕਰਨਾ।

## ***ਵਿਸ਼ਾ ਵਸਤੂ ਦੇ ਬਾਰੇ ਸ਼ਬਦਾਵਲੀਆਂ, ਨੀਤੀਆਂ ਅਤੇ ਰੂਪ ਰੇਖਾ ਨੂੰ ਸਮਝਣਾ।***

ਸ਼ੁਰੂ ਵਿਚ ਉਪਰੋਕਤ ਦੱਸੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ, ਆਓ ਰਾਸ਼ਟਰੀ ਸਿੱਖਿਆ ਨੀਤੀਆਂ ਅਤੇ ਰਾਸ਼ਟਰੀ ਪਾਠਕ੍ਰਮ ਦੇ ਢਾਂਚੇ ਨੂੰ ਨੇੜਿਓਂ ਵੇਖੀਏ ਅਤੇ ਪਾਠਕ੍ਰਮ, ਪਾਠ ਪੁਸਤਕਾਂ ਅਤੇ ਸਿੱਖਣ ਦੇ ਨਤੀਜਿਆਂ ਬਾਰੇ ਆਪਣੀ ਸਮਝ ਵਿਚ ਸੁਧਾਰ ਕਰੀਏ।




### ਰਾਸ਼ਟਰੀ ਸਿੱਖਿਆ ਨੀਤੀ

ਭਾਰਤ ਨੇ ਹਾਲ ਹੀ ਵਿੱਚ ਸਾਡੇ ਵੱਡੇ ਵਿਦਿਅਕ ਦ੍ਰਿਸ਼ ਦੇ ਵੱਖ ਵੱਖ ਪਹਿਲੂਆਂ ਨੂੰ ਸ਼ਾਮਲ ਕਰਦਿਆਂ ਰਾਸ਼ਟਰੀ ਸਿੱਖਿਆ ਨੀਤੀ (ਐਨਈਪੀ), 2019 ਦਾ ਖਰੜਾ ਜਨਤਕ ਖੇਤਰ ਵਿੱਚ ਰੱਖਿਆ ਹੈ। ਵਿਚਾਰ ਵਟਾਂਦਰੇ ਅਤੇ ਸਿਫਾਰਸ਼ਾਂ ਦੇਸ਼ ਭਰ ਵਿੱਚ ਹੋ ਰਹੀਆਂ ਹਨ।(www.mygov.in). ਵੱਖ ਵੱਖ ਹਿੱਸੇਦਾਰਾਂ ਵਿਚ ਅਧਿਆਪਕਾਂ ਦੀ ਰਾਇ ਬਹੁਤ ਮਹੱਤਵ ਰੱਖਦੀ ਹੈ1 ਇਸ ਤੋਂ ਪਹਿਲਾਂ ਸਿੱਖਿਆ 'ਤੇ ਦੋ ਰਾਸ਼ਟਰੀ ਨੀਤੀਆਂ 1968 ਅਤੇ 1986 ਵਿਚ ਲਿਆਂਦੀਆਂ ਗਈਆਂ ਸਨ। 1986 ਦੀ ਨੈਸ਼ਨਲ ਪਾਲਿਸੀ, ਸਿੱਖਿਆ ਦੀ ਇਕ ਰਾਸ਼ਟਰੀ ਪ੍ਰਣਾਲੀ' ਤੇ ਜ਼ੋਰ ਦਿੰਦੀ ਹੈ ਜੋ ਇਹ ਦਰਸਾਉਂਦੀ ਹੈ ਕਿ ਇਕ ਦਿੱਤੇ ਪੱਧਰ ਤਕ ਸਾਰੇ ਵਿਦਿਆਰਥੀ, ਜਾਤ, ਲਿੰਗ, ਧਰਮ, ਸਥਾਨ ਜਾਂ ਕੋਈ ਵੀ ਹੋਣ ਦੇ ਬਾਵਜੂਦ ਇੱਕ ਤੁਲਨਾਤਮਕ ਗੁਣਵੱਤਾ ਵਾਲੀ ਸਿੱਖਿਆ ਤੱਕ ਪਹੁੰਚਣ। ਨੀਤੀ ਨੇ ਸਬੰਧਤ ਸੰਸਥਾਵਾਂ ਦੇ ਸਹਿਯੋਗ ਨਾਲ ਰਾਸ਼ਟਰੀ ਪਾਠਕ੍ਰਮ ਦੇ ਢਾਂਚੇ ਨੂੰ ਵਿਕਸਤ ਕਰਨ ਲਈ ਰਾਸ਼ਟਰੀ ਵਿਦਿਅਕ ਖੋਜ ਅਤੇ ਸਿਖਲਾਈ ਕੌਂਸਲ (ਐਨਸੀਈਆਰਟੀ) ਨੂੰ ਹੁਕਮ ਦਿੱਤਾ ਸੀ। ਨੀਤੀ ਦਸਤਾਵੇਜ਼ਾਂ ਨੂੰ ਪੜ੍ਹਨ ਲਈ ਲਿੰਕ (www.nceert.nic.in/newpolicy.html) ਤੇ ਜਾਓ।


ਰਾਸ਼ਟਰੀ ਸਿੱਖਿਆ ਪ੍ਰਣਾਲੀ ਇਕ ਰਾਸ਼ਟਰੀ ਪਾਠਕ੍ਰਮ ਦੇ ਢਾਂਚੇ ਤੇ ਅਧਾਰਿਤ ਹੋਵੇਗੀ, ਜਿਸ ਵਿੱਚ ਇੱਕ ਸਾਂਝੇ ਅਧਾਰ ਦੇ ਨਾਲ ਨਾਲ ਹੋਰ ਹਿੱਸੇ ਹੋਣਗੇ ਜੋ ਲਚਕਦਾਰ ਹਨ। ਸਾਂਝੇ ਅਧਾਰ ਵਿੱਚ ਭਾਰਤ ਦੀ ਅਜਾਦੀ ਦੀ ਲਹਿਰ ਦਾ ਇਤਿਹਾਸ, ਸੰਵਿਧਾਨਕ ਜਿੰਮੇਵਾਰੀਆਂ ਅਤੇ ਰਾਸ਼ਟਰੀ ਪਛਾਣ ਨੂੰ ਅੱਗੇ ਵਧਾਉਣ ਲਈ ਹੋਰ ਜਰੂਰੀ ਸਮਗਰੀ ਸ਼ਾਮਲ ਹੋਵੇਗੀ। ਇਹ ਤੱਤ ਵਿਸ਼ਾ ਖੇਤਰਾਂ ਵਿੱਚ ਕਟੌਤੀ ਕਰਨਗੇ ਅਤੇ ਭਾਰਤ ਦੇ ਸਾਂਝੇ ਸਭਿਆਚਾਰ, ਵਿਰਾਸਤ, ਸਮਾਨਤਾਵਾਦ, ਲੋਕਤੰਤਰ ਅਤੇ ਧਰਮ ਨਿਰਪੇਖਤਾ, ਲਿੰਗਾਂ ਦੀ ਬਰਾਬਰੀ, ਵਾਤਾਵਰਣ ਦੀ ਸੁਰੱਖਿਆ, ਸਮਾਜਿਕ ਰੁਕਾਵਟਾਂ ਨੂੰ ਦੂਰ ਕਰਨ, ਛੋਟੇ ਪਰਿਵਾਰ ਦੇ ਨਿਯਮਾਂ ਦੀ ਪਾਲਣਾ ਅਤੇ ਵਿਗਿਆਨਿਕ ਸੁਭਾਅ ਵਰਗੀਆਂ ਕਦਰਾਂ ਕੀਮਤਾਂ ਨੂੰ ਉਤਸਾਹਿਤ ਕਰਨ ਲਈ ਤਿਆਰ ਕੀਤੇ ਜਾਣਗੇ।ਸਾਰੇ ਵਿਦਿਅਕ ਪ੍ਰੋਗਰਾਮ ਧਰਮ ਨਿਰਪੱਖ ਕਦਰਾਂ ਕੀਮਤਾਂ (ਰਾਸ਼ਟਰੀ ਸਿੱਖਿਆ ਨੀਤੀ 1986) ਦੀ ਸਖਤੀ ਨਾਲ ਪਾਲਣ ਕੀਤੀ ਜਾਵੇਗੀ।

ਚਰਚਾ ਦੇ ਬਿੰਦੂ:-

ਸਮੇ ਦੇ ਨਾਲ ਨੀਤੀਆਂ ਬਦਲਦੀਆਂ ਹਨ ਅਤੇ ਜਿਵੇ ਅਸੀਂ ਰਾਸ਼ਟਰੀ ਸਿੱਖਿਆ ਨੀਤੀ 1986 ਤੋਂ ਰਾਸ਼ਟਰੀ ਸਿੱਖਿਆ ਨੀਤੀ 2019 ਦੇ ਫਾਰਮੈਟ ਦੇ ਵੱਲ ਵੱਧ ਰਹੇ ਹਾਂ ਇਹ ਬਦਲਾਵ ਸਪੱਸ਼ਟ ਹੋ ਜਾਂਦਾ ਹੈ। ***ਉਦਾਹਰਣ ਦੇ ਲਈ*** ਐਨ.ਈ.ਪੀ. 1986 ਵਿੱਚ ਪ੍ਰਸਤਾਵਿਕ ਸਕੂਲੀ ਸੰਰਚਨਾ 10+2+3 ਸੀ ਜਦੋਂ ਕਿ ਐਨ.ਈ.ਪੀ. ਫਾਰਮੈਟ 2019 ਵਿੱਚ ਸੁਝਾਈ ਗਈ ਸੰਰਚਨਾ 5+3+3+4 ਹੈ। ਆਪਣੇ ਸਾਥੀ ਦੇ ਨਾਲ ਚਰਚਾ ਕਰੋ ਕਿ ਨਵੀ ਸਕੂਲੀ ਸਿੱਖਿਆ ਸੰਰਚਨਾ ਦੇ ਬਾਰੇ ਵਿੱਚ, ਤੁਹਾਡੀ ਸਮਝ ਕਿਵੇਂ ਹੈ? ਇਸ ਤੋਂ ਇਲਾਵਾ ਦੋਵੇਂ ਨੀਤੀ ਦਸਤਾਵੇਜਾ ਵਿੱਚ ਅੰਤਰ ਦੇ ਦੋ ਹੋਰ ਬਿੰਦੂਆਂ ਨੂੰ ਸਾਂਝਾ ਕਰੋ।

### ਰਾਸ਼ਟਰੀ ਪਾਠ ਕ੍ਰਮ ਦੀ ਰੂਪਰੇਖਾ-ਇਤਿਹਾਸਕ ਅਵਲੋਕਨ

ਐਨ.ਸੀ.ਐਫ 2005 ਇੱਕ ਇਤਿਹਾਸਕ ਦਸਤਾਵੇਜ਼ ਹੈ। ਜਮਾਤ ਦੇ ਸਬੰਧ ਵਿੱਚ ਇਸ ਦੇ ਨਿਹਤ ਅਰਥ ਨੂੰ ਜਿਆਦਾ ਗਹਿਰਾਈ ਤੋਂ ਸਮਝਣ ਤੋਂ ਪਹਿਲਾ ਵੱਖ-ਵੱਖ ਨੀਤੀਆਂ ਅਤੇ ਰੂਪ ਰੇਖਾਵਾਂ ਦੇ ਇਤਿਹਾਸਿਕ ਅਵਲੋਕਨ ਦੀ ਜਰੂਰਤ ਹੈ। ਐਨ.ਸੀ.ਆਰ.ਟੀ. ਦੀ ਸਥਾਪਨਾ ਸਾਲ 1961 ਵਿੱਚ ਹੋਈ ਸੀ ਅਤੇ 1975 ਵਿੱਚ ਪਹਿਲੀ ਵਾਰ ਪਾਠ ਨਾਲ ਸਬੰਧਤ ਰੂਪਰੇਖਾ ਵਿਕਸਿਤ ਕੀਤੀ ਗਈ ਸੀ। ਐਨ.ਪੀ.ਈ. 1986 ਦੇ ਫਾਲੋ ਅੱਪ ਕਰਨ ਦੇ ਰੂਪ ਵਿੱਚ ਐਨ.ਸੀ.ਆਰ.ਟੀ ਨੇ ਸਾਲ 1988 ਵਿੱਚ ਸੁਰੂਆਤੀ ਅਤੇ ਮਾਧਮਿਕ ਸਿੱਖਿਆ ਲਈ ਰਾਸ਼ਟਰੀ ਪਾਠ ਨਾਲ ਸਬੰਧਤ ਰੂਪਰੇਖਾ ਤਿਆਰ ਕੀਤੀ।



ਇਸ ਵਿੱਚ ਐਨ.ਪੀ.ਈ. 1986 ਦੁਆਰਾ ਦਿੱਤੇ ਗਏ ਸਰਵ ਵਿਆਪਕ ਤੌਰ ਤੇ ਸਵੀਕਾਰੇ ਗਏ ਸਾਰੇ ਮੂਲ ਸਿਧਾਂਤਾ ਤੇ ਚਾਨਣਾ ਪਾਇਆ ਗਿਆ। ਸਾਲ 2000 ਵਿੱਚ ਸਕੂਲੀ ਸਿੱਖਿਆ ਦੇ ਲਈ ਰਾਸ਼ਟਰੀ ਪਾਠ ਚਰਚਾ ਰੂਪ ਰੇਖਾ 2000 ਤਿਆਰ ਕੀਤੀ ਗਈ। ਇਸ ਪਾਠ ਚਰਚਾ ਦਾ ਮੁੱਖ ਜੋਰ ਸਿੱਖਣ ਤੇ ਸੀ ਜੋ ਅਜਿਹੀਆਂ ਸਿੱਖਿਆ ਦੇ ਵੱਲ ਲੈ ਜਾਂਦਾ ਹੋਵੇ ਜੋ ਅਸਮਾਨਤਾ ਨਾਲ ਲੜਨ ਵਿੱਚ ਮਦਦ ਕਰਦੀ ਹੈ ਅਤੇ ਵਿਦਿਆਰਥੀਆਂ ਦੀ ਸਮਾਜਿਕ ਸੰਸਕ੍ਰਿਤਿਕ, ਭਾਵਨਾਤਮਕ ਅਤੇ ਆਰਥਿਕ ਜਰੂਰਤਾ ਨੂੰ ਸੰਬੋਧਿਤ ਕਰਦੀ ਹੈ।

## ਐਨ.ਸੀ.ਐਫ. 2005 ਦਾ ਸੰਖੇਪਣ

ਸਾਲ 2005 ਵਿੱਚ ਐਨ.ਸੀ.ਆਰ.ਟੀ. ਨੇ ਸਕੂਲੀ ਸਿੱਖਿਆ ਦੇ ਅਲੱਗ-ਅਲੱਗ ਪਹਿਲੂਆਂ ਤੇ 21 ਅਧਾਰ ਪੱਤਰਾਂ ਦੇ ਨਾਲ ਰਾਸ਼ਟਰੀ ਪਾਠ ਚਰਚਾ ਦੀ ਰੂਪ ਰੇਖਾ 2005 ਤਿਆਰ ਕੀਤੀ। ਮੁਫਤ ਅਤੇ ਲਾਜਮੀ ਸਿੱਖਿਆ ਦੇ ਬਾਲ ਅਧਿਕਾਰ ਅਧਿਨਿਯਮ 2009 ਵਿੱਚ ਸਪੱਸ਼ਟ ਰੂਪ ਤੋਂ ਰਾਸ਼ਟਰੀ ਪਾਠ ਚਰਚਾ ਦੀ ਰੂਪਰੇਖਾ 2005 ਦੇ ਅਮਲ ਦਾ ਉਲੇਖ ਕਰਦੇ ਹੋਏ ਵਿਦਿਆਰਥੀ ਕੇਂਦਰਿਤ ਅਜਿਹੇ ਵਾਤਾਵਰਣ ਨਿਰਮਾਣ ਤੇ ਧਿਆਨ ਕੇਂਦਰਿਤ ਕਰਨ ਦੀ ਗੱਲ ਕਹੀ ਗਹੀ ਹੈ ਜਿਸ ਵਿੱਚ ਵਿਦਿਆਰਥੀ ਕਿਸੇ ਚਿੰਤਾ ਦੇ ਬਿਨ੍ਹਾ ਸਿੱਖਦੇ ਹਨ। ਹੋਰ ਜਾਣਕਾਰੀ ਦੇ ਲਈ ਵੈਬ ਲਿੰਕ https://mhrd.gov.in/rte ' ਦੇਖੋ।

ਸਮਾਜਿਕ ਅਤੇ ਆਰਥਿਕ ਪਰਿਵਰਤਨ ਦੇ ਮੱਦੇਨਜਰ ਰਾਸ਼ਟਰੀ ਪਾਠ ਚਰਚਾ ਦੀ ਰੂਪਰੇਖਾ 2005 (ਐਨ.ਸੀ.ਐਫ. 2005) ਵਿੱਚ ਸਕੂਲੀ ਸਿੱਖਿਆ ਦੇ ਨਿਮਿਨਲਿਖਤ ਉਦੇਸ਼ ਨੂੰ ਪਹਿਚਾਨਿਆ ਗਿਆ ਹੈ:

- ਬੱਚਿਆਂ ਨੂੰ ਉਹਨਾਂ ਦੇ ਵਿਚਾਰਾਂ ਅਤੇ ਕੰਮਾਂ ਵਿੱਚ ਸੁਤੰਤਰ ਹੋਣਾ ਅਤੇ ਦੂਸਰਿਆਂ ਦੀਆਂ ਭਾਵਨਾਵਾਂ ਤੇ ਪ੍ਰਤੀ ਸੰਵੇਦਨਸ਼ੀਲ ਬਣਾਉਣਾ।
- ਬੱਚਿਆਂ ਨੂੰ ਇੱਕ ਲਚਕੀਲੀ ਅਤੇ ਰਚਨਾਤਮਕ ਤਰੀਕੇ ਨਾਲ ਨਵੀਆਂ ਸਥਿਤੀਆਂ ਦਾ ਸਾਹਮਣਾ ਕਰਨ ਅਤੇ ਲੋਕਤੰਤਰਿਕ ਪ੍ਰਕਿਰਿਆ ਵਿੱਚ ਭਾਗ ਲੈਣ ਦੇ ਲਈ ਮਜਬੂਤ ਬਣਾਉਣਾ।
- ਬੱਚਿਆਂ ਵਿੱਚ ਵਿਕਾਸ ਦੀ ਦਿਸ਼ਾ ਵਿੱਚ ਕੰਮ ਕਰਨ ਅਤੇ ਆਰਥਿਕ ਪ੍ਰਕਿਰਿਆਵਾਂ ਅਤੇ ਸਮਾਜਿਕ ਬਦਲਾਵ ਵਿੱਚ ਯੋਗਦਾਨ ਕਰਨ ਦੀ ਯੋਗਤਾ ਦਾ ਵਿਕਾਸ ਕਰਨਾ।

ਇਸ ਉਦੇਸ਼ ਨੂੰ ਪ੍ਰਾਪਤ ਕਰਨ ਦੇ ਲਈ ਸਕੂਲਾ ਨੂੰ ਸਮਾਨਤਾ, ਗੁਣਵਤਾ ਅਤੇ ਲਚਕੀਲੇਪਨ ਉੱਤੇ ਧਿਆਨ ਕੇਂਦਰਿਤ ਕਰਨ ਦੀ ਜਰੂਰਤ ਹੈ। ਦੇਸ ਦੀ ਵਿਭਿੰਨਤਾ ਨੂੰ ਦੇਖਦੇ ਹੋਏ, ਵਿਦਿਆਰਥੀਆਂ ਦੇ ਸੰਦਰਭਾਂ ਨੂੰ ਜਮਾਤ ਵਿੱਚ ਲਿਆਉਣਾ ਮਹੱਤਵਪੂਰਨ ਹੈ। ਐਨ.ਸੀ.ਐਫ 2005 ਪਾਠ ਪੁਸਤਕਾ ਤੋਂ ਅਲੱਗ ਜਾਣ ਦੇ ਲਈ ਵਿਦਿਆਰਥੀਆਂ ਦੀ ਭੂਮਿਕਾ ਤੇ ਜ਼ੋਰ ਦਿੰਦੀ ਹੈ ਤਾਂ ਕਿ ਬੱਚੇ ਆਪਣੇ ਅਨੁਭਵਾਂ ਤੋਂ ਰੋਲ ਪਲੇਅ, ਡਰਾਇੰਗ, ਪੇਟਿੰਗ, ਡਰਾਮਾ, ਸਿੱਖਿਆ ਦੇ ਨਾਲ ਸਬੰਧਿਤ ਟੂਰ ਅਤੇ ਪ੍ਰਯੋਗਾ ਦੇ ਸੰਚਾਲਨ ਦੇ ਮਾਧਿਅਮ ਰਾਹੀਂ ਸਿੱਖ ਸਕਣ।

ਐਨ.ਸੀ.ਐਫ. 2005 ਵਿੱਚ ਮੁਲਾਂਕਣ ਨੂੰ ਸਿਖਲਾਈ ਦੇ ਰੂਪ ਦੇਖਣ ਅਤੇ ਜਮਾਤ ਦੇ ਅੰਤਰਗਤ ਪ੍ਰੀਕਿਰਿਆਵਾਂ ਦੇ ਰੂਪ ਵਿੱਚ ਦੇਖਣ ਦੀ ਜਰੂਰਤ ਉੱਤੇ ਵੀ ਜ਼ੋਰ ਦਿੱਤਾ ਗਿਆ ਹੈ।ਇਸ ਦੇ ਲਈ ਜ਼ਰੂਰੀ ਹੈ ਕਿ ਅਧਿਅਪਕ ਵਿਦਿਆਰਥੀਆਂ ਦੇ ਨਿਰੰਤਰ ਅਤੇ ਵਿਆਪਕ ਮੁਲਾਂਕਣ ਦੇ ਉਦੇਸ਼ ਨਾਲ ਵਿਦਿਆਰਥੀਆਂ ਨੂੰ ਆਪਣੇ ਪ੍ਰੀਖਿਆ ਦੇ ਨਤੀਜਿਆਂ ਦਾ ਇੰਤਜਾਰ ਕਰਵਾਏ ਬਿਨਾ ਰਿਕਾਰਡਿੰਗ ਅਤੇ ਰਿਪੋਰਟਿੰਗ ਉੱਤੇ ਸਮੇ ਬਿਤਾਉਣ ਦੀ ਥਾਂ ਤੁਰੰਤ ਰਿਕਾਰਡ ਪ੍ਰਦਾਨ ਕਰਨ। ਇਸਦੇ ਇਲਾਵਾ ਇਸ ਨੇ ਨਾ ਕੇਵਲ ਗਣਿਤ, ਭਾਸ਼ਾ, ਵਿਗਿਆਨ ਅਤੇ ਸਮਾਜਿਕ ਵਿਗਿਆਨ ਸਿੱਖਣ ਤੇ ਹੀ ਨਹੀਂ ਬਲਕਿ ਜੀਵਨ ਕੋਸ਼ਲ, ਸਮਾਜਿਕ, ਵਿਅਕਤੀਗਤ, ਭਾਵਨਾਤਮਕ ਅਤੇ ਮਨੋਰੰਜਨ ਕੋਸ਼ਲ ਸਿੱਖਣ ਉੱਤੇ ਮਹੱਤਵ ਦਿੱਤਾ ਹੈ। ਐਨ.ਸੀ.ਐਫ 2005 ਵਿੱਚ ਵਿਦਿਆਰਥੀ ਕੇਂਦਰਿਤ ਸਿੱਖਿਆ-ਸ਼ਾਸਤਰ ਉੱਤੇ ਚਾਨਣਾ ਪਾਇਆ ਗਿਆ ਹੈ, ਜਿਸ ਦਾ ਅਨੁਸਰਨ ਉਦੋਂ ਕੀਤਾ ਜਾਂਦਾ ਹੈ ਜਦੋਂ ਪਾਠਕ੍ਰਮ ਪਾਠ ਪੁਸਤਕਾਂ ਅਤੇ ਜਮਾਤ ਦੀ ਗਤੀਵਿਧੀਆਂ ਦੀ ਯੋਜਨਾ ਤਿਆਰ ਕੀਤੀ ਜਾਂਦੀ ਹੈ।ਉਦਾਹਰਣ ਦੇ ਲਈ ਜੇਕਰ ਅਸੀਂ ਮੁੱਢਲੇ ਸਤਰ ਉੱਤੇ ਪੌਦਿਆਂ ਦੇ ਬਾਰੇ ਵਿੱਚ ਇੱਕ..

ਵਿਵਰਣ ਸ਼ਾਮਿਲ ਕਰਨਾ ਚਾਹੁੰਦੇ ਹਾਂ ਤਾਂ ਪਾਠਕ੍ਰਮ ਨੂੰ ਉਹਨਾਂ ਪੋਦਿਆਂ ਉੱਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਜੋ ਬੱਚੇ ਆਪਣੇ ਰੋਜਾਨਾ ਜੀਵਨ ਵਿੱਚ ਦੇਖ ਸਕਦੇ ਹਨ, ਛੂਹ ਸਕਦੇ ਹਨ ਅਤੇ ਜਿਨ੍ਹਾ ਦੇ ਬਾਰੇ ਵਿੱਚ ਗੱਲ ਕਰ ਸਕਦੇ ਹਨ। ਅਧਿਆਪਕ ਉਹਨਾ ਮੋਕਿਆਂ ਦੀ ਯੋਜਨਾ ਬਣਾ ਸਕਦੇ ਹਨ ਜਿਥੇ ਬੱਚੇ ਆਪਣੇ ਘਰਾਂ, ਗੁਆਂਢ, ਸਕੂਲਾਂ ਅਦਿ ਵਿੱਚ ਦੇਖੇ ਗਏ ਪੋਦਿਆਂ ਦੇ ਪੋਸਟਰ ਬਣਾ ਸਕਦੇ ਹਨ ਅਤੇ ਸਾਂਝਾ ਕਰ ਸਕਦੇ ਹਨ। ਇਸ ਪ੍ਰਕਿਰਿਆ ਵਿੱਚ ਅਸੀਂ ਆਪਣੇ ਅਨੁਭਵਾਂ ਨੂੰ ਪਾਠ ਪੁਸਤਕ ਵਿੱਚ ਦਿੱਤੇ ਗਏ ਅਨੁਭਵਾਂ ਨਾਲ ਜੋੜਾਂਗੇ। ਅਜਿਹਾ ਕਰਦੇ ਸਮੇਂ ਅਧਿਆਪਕ ਹਰੇਕ ਬੱਚੇ ਦੇ ਸਿੱਖਣ ਦੇ ਪ੍ਰਤੀਫਲਾਂ ਵਿੱਚ ਵਾਧੇ ਦਾ ਨਿਰੀਖਣ ਕਰੇਗਾ।

**ਚਰਚਾ ਦੇ ਬਿੰਦੂ:- ਜੋੜੀ ਵਿੱਚ ਕੰਮ ਕਰੋ ਅਤੇ ਇੱਕ ਅਧਿਆਪਕ ਦੇ ਆਮ ਤੌਰ ਤੋ ਸਕੂਲ ਵਿੱਚ ਬੀਤਣ ਵਾਲੇ ਦਿਨ ਦੇ ਬਾਰੇ ਵਿੱਚ ਜਾਣੋ। ਜੇਕਰ ਪੜ੍ਹਾਈ ਦੇ ਉਪਰੋਕਤ ਉਦੇਸ਼ਾ ਵਿੱਚੋ ਕੋਈ ਵੀ ਉਦੇਸ਼ ਰੋਜ਼ਾਨਾ ਪੜ੍ਹਾਉਣ ਸਮੇਂ ਪੂਰਾ ਹੋ ਰਿਹਾ ਹੈ ਤਾਂ ਇਸਦੇ ਬਾਰੇ ਵਿੱਚ ਚਰਚਾ ਕਰੋ? ਤੁਸੀ ਆਪਣੇ ਦਿਨ ਕਿਵੇਂ ਬਿਤਾਉਂਦੇ ਹੋ?**

### ਸਕੂਲ ਦੇ ਵਿਸ਼ੇ ਅਤੇ ਐਨ.ਸੀ.ਐਫ. 2005

ਆਉ ਅਸੀ ਐਨ.ਸੀ.ਐਫ. 2005 ਅਤੇ ਭਿੰਨ-ਭਿੰਨ ਵਿਸ਼ਿਆਂ ਦੇ ਸਿੱਖਣ ਉੱਤੇ ਬਾਰੀਕੀ ਨਾਲ ਵਿਚਾਰ ਕਰੀਏ। ਇਸ ਵਿੱਚ ਦੱਸਿਆ ਗਿਆ ਹੈ ਕਿ ਭਾਸ਼ਾਵਾਂ ਦੇ ਸਿੱਖਣ ਦੇ ਦੌਰਾਨ ਬਹੁਭਾਸ਼ੀ ਪ੍ਰਵੀਣਤਾ ਨੂੰ ਉਤਸ਼ਾਹਿਤ ਕਰਨ ਲਈ ਭਾਸ਼ਾ ਦਾ ਸੰਸਾਧਨ ਦੇ ਰੂਪ ਵਿੱਚ ਪ੍ਰਯੋਗ ਕੀਤਾ ਜਾਣਾ ਚਾਹੀਦਾ ਹੈ। ਭਾਸ਼ਾਗ੍ਰਹਿਣ ਨੂੰ ਹਰ ਵਿਸ਼ੇ ਵਿੱਚ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ ਕਿਉਂ ਕਿ ਇਹ ਪੂਰੇ ਪਾਠਕ੍ਰਮ ਵਿੱਚ ਮਹੱਤਵ ਰੱਖਦਾ ਹੈ। ਪੜ੍ਹਨਾ ਤੇ ਲਿਖਣਾ, ਸੁਣਨਾ ਤੇ ਬੋਲਣਾ ਇਹ ਸਾਰੇ ਪਾਠਕ੍ਰਮ ਖੇਤਰਾਂ ਵਿੱਚ ਬੱਚਿਆਂ ਦੀ ਉਨੱਤੀ ਵਿੱਚ ਯੋਗਦਾਨ ਪਾਉਂਦੇ ਹਨ ਤੇ ਇਹਨਾਂ ਨੂੰ ਪਾਠਕ੍ਰਮ ਦੀ ਯੋਜਨਾ ਦਾ ਅਧਾਰ ਹੋਣਾ ਚਾਹੀਦਾ ਹੈ। ਗਣਿਤ ਨੂੰ ਇਸ ਤਰ੍ਹਾਂ ਨਾਲ ਪੜ੍ਹਾਏ ਜਾਣ ਦੀ ਜ਼ਰੂਰਤ ਹੈ ਕਿ ਇਹ ਮੁਸ਼ਕਿਲਾਂ ਨੂੰ ਹੱਲ ਕਰਨ ਦੇ ਲਈ ਸੋਚ, ਦਲੀਲ ਤੇ ਕਲਪਨਾ ਦੀ ਸਮਰੱਥਾ ਦਾ ਪਸਾਰ ਕਰੇ। ਵਿਗਿਆਨ ਦੇ ਸਿੱਖਣ ਨੂੰ ਨਵਾਂ ਰੂਪ ਦਿੱਤਾ ਜਾਣਾ ਚਾਹੀਦਾ ਹੈ।ਤਾਂ ਕਿ ਇਹ ਬੱਚਿਆਂ ਦੀ ਰਜ਼ਜਾਨਾ ਅਨੁਭਵਾਂ ਦੀ ਜਾਂਚ ਤੇ ਵਿਸ਼ਲੇਸ਼ਣ ਕਰਨ ਵਿੱਚ ਸਮਰੱਥਾ ਵਧਾਏ। ਹਰ ਵਿਸ਼ੇ ਵਿੱਚ ਵਾਤਾਵਰਨ ਸਬੰਧੀ ਚਿੰਤਾਂਵਾਂ ਉੱਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਤੇ ਇਸ ਲਈ ਵੱਡੇ ਪੱਧਰ ਦੀਆਂ ਗਤੀਵਿਧੀਆਂ ਬਣਾਈਆ ਜਾਣ, ਜਿਹਨਾਂ ਵਿੱਚ ਜਮਾਤ ਦੇ ਬਾਹਰ ਕੀਤੇ ਜਾਣ ਵਾਲੇ ਕੰਮ ਵੀ ਸ਼ਾਮਿਲ ਹੋਣ।

ਸਮਾਜਿਕ ਵਿਗਿਆਨ ਦੇ ਅਧਿਐਨ ਵਿੱਚ ਹਾਸ਼ੀਏ ਉਪਰ ਰਹਿ ਰਹੇ ਸਮੂਹਾਂ ਦੇ ਪਰੀਪੇਖ ਵਿੱਚ ਏਕੀਕਰਨ ਉੱਤੇ ਜੋਰ ਦਿੰਦੇ ਹੋਏ ਅਨੁਸ਼ਾਸਨਾਤਮਕ ਸੰਕੇਤ ਨੂੰ ਪਹਿਚਾਨਣ ਦਾ ਪ੍ਰਸਤਾਵ ਹੈ।ਹਾਸ਼ੀਏ ਵਾਲੇ ਸਮੂਹਾਂ ਅਤੇ ਘੱਟ ਗਿਣਤੀ ਸੰਵੇਦਨਸ਼ੀਲਤਾਵਾਂ ਨਾਲ ਸਬੰਧਤ ਬੱਚਿਆਂ ਪ੍ਰਤੀ ਲਿੰਗ, ਨਿਆਂ ਅਤੇ ਸੰਵੇਦਨਸ਼ੀਲਤਾ ਨੂੰ ਸਮਾਜਿਕ ਵਿਗਿਆਨ ਦੇ ਸਾਰੇ ਖੇਤਰਾਂ ਨੂੰ ਸੂਚਿਤ ਕਰਨਾ ਚਾਹੀਦਾ ਹੈ। ਐਨ.ਸੀ.ਐਫ. 2005 ਨੇ ਚਾਰ ਹੋਰ ਪਾਠਕ੍ਰਮ ਖੇਤਰਾਂ ਵੱਲ ਵੀ ਧਿਆਨ ਖਿੱਚਿਆ : ਕੰਮ,ਕਲਾ ਅਤੇ ਵਿਰਾਸਤੀ ਸ਼ਿਲਪਕਾਰੀ, ਸਿਹਤ ਅਤੇ ਸਰੀਰਕ ਸਿੱਖਿਆ ਅਤੇ ਸ਼ਾਤੀ। ਇਹ ਇਹਨਾਂ ਖੇਤਰਾਂ ਨੂੰ ਪਾਠਕ੍ਰਮ ਡੋਮੇਨ ਵਿੱਚ ਲਿਆਉਣ ਦੀ ਸਿਫਾਰਿਸ਼ ਕਰਦਾ ਹੈ। ਮੁੱਢਲੇ ਸਿੱਖਿਆ ਪੜਾਅ ਤੇ ਕੰਮ ਦੇ ਨਾਲ ਸਿਖਲਾਈ ਨੂੰ ਜੋੜਨ ਲਈ ਕੁਝ ਸਖਤ ਕਦਮ ਇਸ ਅਧਾਰ ਤੇ ਸੁਝਾਏ ਗਏ ਹਨ ਕਿ ਕੰਮ ਗਿਆਨ ਨੂੰ ਤਜ਼ਰਬੇ ਵਿੱਚ ਬਦਲ ਦਿੰਦਾ ਹੈ ਅਤੇ ਮਹੱਤਵਪੂਰਨ ਵਿਅਕਤੀਗਤ ਅਤੇ ਸਮਾਜਿਕ ਕਦਰਾਂ ਕੀਮਤਾਂ ਜਿਵੇ ਸਵੈ-ਨਿਰਭਰਤਾ, ਸਿਰਜਨਾਤਮਕਤਾ ਅਤੇ ਸਹਿਕਾਰਤਾ ਨੂੰ ਦਰਸਾਉਂਦਾ ਹੈ।ਕਲਾ ਦੀ ਹਰ ਪੜਾਅ ਤੇ ਇੱਕ ਵਿਸ਼ੇ ਵੱਜੋ ਸਿਫਾਰਿਸ਼ ਕੀਤੀ ਗਈ। ਸਾਰੇ ਚਾਰ ਪ੍ਰਮੁੱਖ ਖੇਤਰਾਂ- ਸੰਗੀਤ, ਨਾਚ, ਵਿਜ਼ੂਅਲ ਆਰਟ ਅਤੇ ਥੀਏਟਰ ਤੇ ਪਰਸਪਰ ਪ੍ਰਭਾਵ ਦੇ ਨਾਲ ਜੋਰ ਦਿੱਤਾ ਗਿਆ।

# ਮਡਿਊਲ -1

ਐਨ.ਸੀ.ਐਫ. 2005 ਦੀ ਪਾਲਣਾ ਦੇ ਅਨੁਸਾਰ ਵਿਸ਼ੇ ਦੇ ਖੇਤਰਾ ਵਿੱਚ ਵਿਕਸਿਤ ਪਾਠਕ੍ਰਮ ਅਤੇ ਪਾਠ ਪੁਸਤਕਾਂ ਸਿੱਖਣ ਕੇਂਦਰਿਤ ਵਿਦਵਤਾ ਦੇ ਨਜ਼ਰੀਏ ਨੂੰ ਸੰਮਲਿਤ ਸੈਟਿੰਗਾਂ ਵਿੱਚ ਅਨੁਵਾਦ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਸਾਨੂੰ ਇਹ ਯਾਦ ਰੱਖਣ ਦੀ ਜ਼ਰੂਰਤ ਹੈ ਕਿ ਹਰ ਬੱਚਾ ਸਿੱਖਣ ਦੀ ਯੋਗਤਾ ਰੱਖਦਾ ਹੈ। ਹਾਲਾਂਕਿ ਵਾਤਾਵਰਨ, ਸਥਿਤੀ ਅਤੇ ਸਮੱਗਰੀ ਦੀ ਸਾਰਥਕਤਾ ਵੀ ਸਿਖਲਾਈ ਨੂੰ ਦਿਲਚਸਪ ਬਣਾਉਂਦੀ ਹੈ।ਇਸ ਲਈ ਕਿਸੇ ਵੀ ਪਾਠ ਪੁਸਤਕ ਦਾ ਲੈਣ ਦੇਣ ਕਰਦੇ ਸਮੇਂ ਸਾਨੂੰ ਉਦੇਸ਼ਾਂ ਅਤੇ ਇਹ ਸਮਝਣ ਦੀ ਜਰੂਰਤ ਹੁੰਦੀ ਹੈ ਕਿ ਇਸ ਨੂੰ ਅਪੰਗ ਬੱਚਿਆਂ ਅਤੇ ਪਿਛੜੇ ਘਰੇਲੂ ਮਾਹੌਲ ਵਾਲੇ ਬੱਚਿਆਂ ਸਮੇਤ ਸਾਰੇ ਬੱਚਿਆਂ ਨਾਲ ਕਿਵੇਂ ਵਰਤਿਆ ਜਾ ਸਕਦਾ ਹੈ।

**ਵਿਚਾਰ ਵਟਾਂਦਰੇ**

ਕੀ ਸਿਖਲਾਈ ਕੇਂਦਰਿਤ ਪੈਡਾਗੋਜ਼ੀ ਦੀ ਵਰਤੋਂ ਵੱਡੇ ਕਲਾਸਰੂਮਾਂ ਵਿੱਚ ਕੀਤੀ ਜਾ ਸਕਦੀ ਹੈ?

ਕੀ ਸਿੱਖਿਅਕ-ਕੇਂਦਰਿਤ ਪੈਡਾਗੋਜ਼ੀ ਦੀ ਵਰਤੋਂ ਕਰਕੇ ਸਾਰੇ ਵਿਸ਼ਿਆਂ ਦੀ ਯੋਜਨਾ ਬਣਾਈ ਜਾ ਸਕਦੀ ਹੈ ?

ਪਾਠਕ੍ਰਮ ਨੂੰ ਯੋਜਨਾਬੱਧ ਗਤੀਵਿਧੀਆਂ ਦੇ ਸਮੂਹ ਵਜੋਂ ਸਮਝਿਆ ਜਾਂਦਾ ਹੈ ਜੋ ਕਿਸੇ ਵਿਸ਼ੇਸ਼ ਵਿਦਿਅਕ ਉਦੇਸ਼ / ਉਦੇਸ਼ਾਂ ਦੇ ਸਮੂਹ ਨੂੰ ਲਾਗੂ ਕਰਨ ਲਈ ਬਣਾਇਆ ਗਿਆ ਹੈ ਅਤੇ ਜਿਸ ਵਿਚ ਸਿਖਾਇਆ ਜਾਣ ਵਾਲਾ ਵਿਸ਼ਾ ਵਸਤੂ ਗਿਆਨ, ਹੁਨਰ ਅਤੇ ਰਵੱਈਏ ਜੋ ਕਿ ਸਿਖਿਆਰਥੀਆਂ ਵਿਚ ਵਿਕਸਤ ਕੀਤੇ ਜਾਣੇ ਹਨ ਸ਼ਾਮਿਲ ਹੰਦੇ ਹਨ। ਇਸ ਵਿਚ ਸਿਲੇਬਸ, ਪਾਠ-ਪੁਸਤਕਾਂ ਅਤੇ ਹੋਰ ਸਿੱਖਣ ਸਮੱਗਰੀ, ਵਿਸ਼ਾ-ਵਸਤੂ ਅਤੇ ਮੁਲਾਂਕਣ ਸਮੱਗਰੀ ਦੀ ਚੋਣ ਦੇ ਮਾਪਦੰਡਾਂ ਦੇ ਬਿਆਨ ਅਤੇ ਤਰੀਕੇ ਸ਼ਾਮਲ ਹਨ। ਹੋਰ ਪੜ੍ਹਨ ਲਈ 'ਪਾਠਕ੍ਰਮ, ਸਿਲੇਬਸ ਅਤੇ ਪਾਠ ਪੁਸਤਕਾਂ' - ਐਨ.ਸੀ.ਈ.ਆਰ.ਟੀ. ਦੁਆਰਾ ਪ੍ਰਕਾਸ਼ਤ ਪੋਜੀਸ਼ਨ ਪੇਪਰ ਦੇਖੋ ।

## ਪਾਠਕ੍ਰਮ

ਅਸੀਂ ਸਾਰੇ ਸਕੂਲ ਦੀ ਪ੍ਰਕਿਰਿਆ ਵਿੱਚੋਂ ਲੰਘੇ ਹਾਂ। ਅਸੀ ਜਾਣਦੇ ਹਾਂ ਕਿ ਸਕੂਲ ਵਿੱਚ ਸਿੱਖਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਯੋਗਦਾਨ ਪਾਉਣ ਵਾਲੀਆਂ ਸਾਰੀਆ ਗਤੀਵਿਧੀਆਂ ਪਾਠਕ੍ਰਮ ਦੁਆਲੇ ਘੁੰਮਦੀਆਂ ਹਨ। ਪਾਠ ਕ੍ਰਮ ਅਤੇ ਇਸ ਨਾਲ ਸਬੰਧਤ ਸਾਰੇ ਹਿੱਸੇਦਾਰਾਂ ਨੂੰ ਪਾਠ ਪੁਸਤਕ ਦੀ ਸਮੱਗਰੀ, ਬੌਧਿਕ ਅਤੇ ਮਨੁੱਖੀ ਕਦਰਾਂ ਕੀਮਤਾਂ ਦੇ ਵਿਕਾਸ ਅਤੇ ਸਿਖਲਾਈ ਪ੍ਰੀਕਿਰਿਆਂ ਵਿੱਚ ਸਮੂਹ ਸਿਖਿਆਰਥੀਆਂ ਦੇ ਸ਼ਾਮਿਲ ਕਰਨ ਅਤੇ ਸਬੰਧਤ ਸਿਖਲਾਈਆਂ ਨਾਲ ਜੁੜੀਆਂ ਚਿੰਤਾਂਵਾ ਸਮਝਣ ਵਿੱਚ ਮਦੱਦ ਕਰਦੀ ਹੈ।

ਮੁੱਢਲੇ ਕਾਰਕ ਜੋ ਪਾਠ ਕ੍ਰਮ ਨੂੰ ਨਿਰਧਾਰਤ ਕਰਦੇ ਹਨ ਉਹਨਾਂ ਵਿੱਚ ਸਿੱਖਣ ਦੀ ਪ੍ਰਕਿਰਤੀ , ਸਵੀਕਾਰੇ ਗਏ ਸਿਧਾਂਤਾਂ ਅਤੇ ਸਮਾਜਿਕ ਪ੍ਰਭਾਵਾਂ ਦੁਆਰਾ ਪ੍ਰਦਾਨ ਕੀਤੇ ਮਨੁੱਖੀ ਵਿਕਾਸ ਦਾ ਗਿਆਨ ਸ਼ਾਮਿਲ ਹੁੰਦੇ ਹਨ। ਇਸ ਤੋਂ ਇਲਾਵਾ ਸਮਾਜ ਦੀਆਂ ਜਰੂਰਤਾਂ ਅਤੇ ਇਛਾਵਾਂ ਬਹੁਤ ਹੱਦ ਤੱਕ ਪਾਠਕ੍ਰਮ ਦੀ ਕਿਸਮ, ਸਮੱਗਰੀ, ਵਿਸ਼ੇ ਅਤੇ ਉਹਨਾਂ ਦੀ ਸੰਸਥਾ ਨਿਰਧਾਰਿਤ ਕਰਦੇ ਹਨ।ਪਾਠਕ੍ਰਮ ਦੀ ਵੀ ਇੱਕ ਬਦਲਾਵ ਵਾਲੀ ਭੂਮਿਕਾ ਹੈ।

ਅਧਿਆਪਕ ਅਤੇ ਅਧਿਆਪਕ ਸਿੱਖਿਅਕ ਹੋਣ ਦੇ ਨਾਤੇ ਅਸੀਂ ਜਾਣਦੇ ਹਾਂ ਕਿ ਸਕੂਲ ਪ੍ਰਣਾਲੀ ਵਿੱਚ ਕੁਝ ਗੈਰ ਰਸਮੀ ਸਿਖਲਾਈ ਦਿੱਤੀ ਜਾਂਦੀ ਹੈ ਜਿਸ ਨੂੰ ਕਿ ਲੁਕਵਾਂ ਪਾਠਕ੍ਰਮ ਮੰਨਿਆਂ ਜਾਂਦਾ ਹੈ।

ਲੁਕਵੇਂ ਪਾਠਕ੍ਰਮ ਵਿੱਚ ਉਹ ਵਿਵਹਾਰ, ਦ੍ਰਿਸ਼ਟੀਕੋਣ ਅਤੇ ਰਵਈਏ ਸ਼ਾਮਿਲ ਹੁੰਦੇ ਹਨ ਜੋ ਵਿਦਿਆਰਥੀ ਸਕੂਲ ਦੀ ਪ੍ਰਕਿਰਿਆ ਦੌਰਾਨ ਪ੍ਰਾਪਤ ਕਰਦੇ ਹਨ। ਇਹ ਅਹਿਸਾਸ ਕਰਨਾ ਮਹੱਤਵਪੂਰਨ ਹੈ ਕਿ ਇੱਕ ਲੁਕਿਆ ਹੋਇਆ ਪਾਠਕ੍ਰਮ ਉਹ ਹੁੰਦਾ ਹੈ ਜੋ ਵਿਦਿਆਰਥੀ ਸਕੂਲ ਵਿੱਚ ਪ੍ਰਾਪਤ ਕਰਦੇ ਹਨ ਅਤੇ ਇਹ ਰਸਮੀ ਕੋਰਸ ਦਾ ਹਿੱਸਾ ਹੋ ਵੀ ਸਕਦਾ ਹੈ ਤੇ ਨਹੀਂ ਵੀ।

ਮਡਿਊਲ -1

## ਸਿਲੇਬਸ

ਸਿਲੇਬਸ ਵਿੱਚ ਥੀਮਾਂ, ਵਿਸ਼ਿਆਂ-ਸ਼੍ਰੇਣੀਆਂ ਅਨੁਸਾਰ ਅਤੇ ਵਿਸ਼ੇ ਦੇ ਅਧਾਰ ਦੀ ਸੂਚੀ ਦਿੱਤੀ ਗਈ ਹੈ। ਇਹ ਵਿਸ਼ਾ ਅਤੇ ਮੁਲਾਂਕਣ ਦੇ ਮਾਪਦੰਡਾਂ ਨੂੰ ਪੂਰਾ ਕਰਨ ਲਈ ਸਮਾਂ ਅੰਤਰਾਲ ਵੀ ਪ੍ਰਦਾਨ ਕਰਦਾ ਹੈ।ਸਿਲੇਬਸ ਇੱਕ ਦਸਤਾਵੇਜ਼ ਹੈ ਜੋ ਕੋਰਸ ਦੀ ਜਾਣਕਾਰੀ ਨੂੰ ਸੰਚਾਲਿਤ ਕਰਦਾ ਹੈ ਅਤੇ ਉਮੀਦਾਂ ਅਤੇ ਜ਼ਿੰਮੇਵਾਰੀਆਂ ਨੂੰ ਪ੍ਰਭਾਸ਼ਿਤ ਕਰਦਾ ਹੈ।ਇਹ ਇੱਕ ਲੋੜੀਂਦਾ ਦਸਤਾਵੇਜ਼ ਹੈ ਜੋ ਇੱਕ ਕੋਰਸ ਦੇ ਦੇ ਵਿਸ਼ੇ ਵਿੱਚ ਸ਼ਾਮਲ ਵਿਸ਼ਾ ਵਸਤੂ ਦੇ ਨਾਲ ਨਾਲ ਮੁੱਢਲੇ ਤੱਤਾਂ ਦੀ ਜਾਣਕਾਰੀ, ਇੱਕ ਹਫ਼ਤਾਵਾਰੀ ਰੂਪ-ਰੇਖਾ ਅਤੇ ਟੈਸਟਾਂ ਦੀ ਸੂਚੀ, ਕਾਰਜਾਂ ਅਤੇ ਸੰਬੰਧਤ ਅੰਕ ਨਿਸਚਿਤ ਕਰਦਾ ਹੈ। ਸਿਲੇਬਸ ਸਿੱਖਣ ਦੇ ਨਤੀਜਿਆਂ, ਮੁਲਾਂਕਣ ਸਮੱਗਰੀ ਅਤੇ ਵਿਦਿਅਕ ਅਭਿਆਸਾਂ ਵਿਚਕਾਰ ਸੰਬੰਧਾ ਨੂੰ ਬਿਆਨਦਾ ਹੈ।ਇਹ ਉਹਨਾਂ ਵਿਧੀਆਂ ਨੂੰ ਉਜਾਗਰ ਕਰਦਾ ਹੈ ਜਿਸ ਵਿੱਚ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਿਖਲਾਈ ਦੁਆਰਾ ਮਾਰਗ ਦਰਸ਼ਨ ਕਰਨ ਲਈ ਕੋਰਸ ਰਚਨਾਤਮਕ ਤੌਰ ਤੇ ਬਣਾਇਆ ਜਾਂਦਾ ਹੈ।ਅਕਾਦਮਿਕ ਸਿਲੇਬਸ ਦੇ ਚਾਰ ਜ਼ਰੂਰੀ ਭਾਗ ਹਨ:-ਥੀਮ, ਪ੍ਰਸ਼ਨ, ਉਦੇਸ਼, ਸੁਝਾਈਆਂ ਗਤੀਵਿਧੀਆਂ, ਸਰੋਤ ਅਤੇ ਅਧਿਆਪਕਾਂ ਲਈ ਸੂਚਨਾਂ।

## ਪਾਠ ਪੁਸਤਕਾਂ

ਪਾਠ ਪੁਸਤਕਾਂ ਸਿਲੇਬਸ ਵਿੱਚ ਸਾਂਮਲ ਵਿਸ਼ਿਆਂ / ਥੀਮਾ ਦੀ ਸਮੱਗਰੀ ਪ੍ਰਦਾਨ ਕਰਦੀਆਂ ਹਨ। ਪਾਠ ਪੁਸਤਕਾਂ ਸਾਰੇ ਵਿਦਿਆਰਥੀਆਂ ਲਈ ਇੱਕ ਛਾਪੀ ਹੋਈ / ਡਿਜ਼ੀਟਲ ਸਿਖਲਾਈ ਸ੍ਰੋਤ ਹਨ। ਉਹਨਾਂ ਨੂੰ ਸਿਖਲਾਈ ਦੇ ਅਨੁਕੂਲ ਅਤੇ ਐਨਸੀਐਫ ਦੇ ਦ੍ਰਿਸ਼ਟੀਕੋਣ ਦੇ ਪ੍ਰਤੀਬਿਬਿੰਤ ਹੋਣ ਦੀ ਜ਼ਰੂਰਤ ਹੈ।

### ਸਿੱਖਿਆਰਥੀ-ਕੇਂਦ੍ਰਿਤ ਪਾਠ ਪੁਸਤਕਾਂ ਦੀਆਂ ਵਿਸ਼ੇਸ਼ਤਾਵਾਂ

- ਘੱਟ ਜਾਣਕਾਰੀ ਅਤੇ ਜ਼ਿਆਦਾ ਕਿਰਿਆਤਮਕ ਗਤੀਵਿਧੀਆਂ।
- ਵਿਦਿਆਰਥੀਆਂ ਨੂੰ ਆਪਣੇ ਖੁਦ ਦੇ ਗਿਆਨ ਦਾ ਨਿਰਮਾਣ ਕਰਨ ਅਤੇ ਪ੍ਰਤੀਬਿੰਬਿਤ ਕਰਨ ਦੀ ਸਿਖਲਾਈ ਦਿੰਦੀ ਹੈ।
- ਦੇਸ਼ ਦੀ ਵਿਭਿੰਨਤਾ ਨੂੰ ਸ਼ਾਮਿਲ ਕਰਦੀ ਹੈ।
- ਸੰਵਿਧਾਨਕ ਕਦਰਾ ਕੀਮਤਾਂ ਪ੍ਰਤੀ ਵਚਨਬੱਧਤਾ ਪ੍ਰਦਰਸ਼ਤ ਕਰਦੀ ਹੈ।
- ਸਮਾਜਿਕ ਸਰੋਕਾਰਾਂ ਜਿਵੇਂ ਲਿੰਗ ਸਮਾਵੇਸ਼ਨ ਆਦਿ ਦੇ ਪ੍ਰਤੀ ਸੰਵੇਦਨਸ਼ੀਲਤਾ ਦੇ ਲਈ ਸਥਾਨ ਪ੍ਰਦਾਨ ਕਰਦੀ ਹੈ।
- ਕੰਮ ਕਰਨ ਦੀ ਜਗ੍ਹਾ ਪ੍ਰਦਾਨ ਕਰਨ ਦਾ ਯਤਨ ਕਰਦੀ ਹੈ।
- ਆਈ.ਸੀ.ਟੀ. ਨੂੰ ਸਥਾਨ ਪ੍ਰਦਾਨ ਕਰਨ ਦਾ ਯਤਨ ਕਰਦੀ ਹੈ।
- ਇਨ-ਬਿਲਟ ਮੁਲਾਂਕਣ।
- ਸਰਲ ਭਾਸ਼ਾ ਵਿੱਚ ਸਮੱਗਰੀ ਪ੍ਰਦਾਨ ਕਰਦੀ ਹੈ।
- ਕਲਾ, ਸਿਹਤ ਅਤੇ ਸਰੀਰਕ ਨੂੰ ਏਕੀਕ੍ਰਿਤ ਕਰਦੀ ਹੈ।

ਮਡਿਊਲ -1

## ਸਕੂਲਾਂ ਵਿੱਚ ਲਾਇਬਰੇਰੀ ਦੀ ਭੂਮਿਕਾ

ਐਨ.ਐਫ.ਸੀ. 2005 ਵਿੱਚ ਇਕ ਸਕੂਲ ਦੀ ਲਾਇਬਰੇਰੀ ਦਾ ਉਲੇਖਣ ਕਰਦੇ ਹੋਏ ਕਿਹਾ ਹੈ ਕਿ ਸਕੂਲ ਲਾਇਬਰੇਰੀ ਨੂੰ ਇੱਕ ਅਜਿਹੇ ਬੋਧਿਕ ਸਥਾਨ ਦੇ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ ਜਿਥੇ ਅਧਿਆਪਕ, ਬੱਚੇ ਅਤੇ ਸਮੁਦਾਏ ਦੇ ਮੈਂਬਰ ਆਪਣੇ ਗਿਆਨ ਅਤੇ ਕਲਪਨਾ ਨੂੰ ਮਾਹਿਰ ਬਨਾਉਣ ਲਈ ਹੋਰ ਸਾਧਨ ਲੱਭਣ ਦੀ ਉਮੀਦ ਕਰ ਸਕਦੇ ਹਨ। ਸਕੂਲ ਦੀ ਲਾਇਬਰੇਰੀ ਸਾਰੇ ਪਾਠਕ੍ਰਮ ਖੇਤਰਾਂ ਲਈ ਸਕੂਲ ਵਿੱਚ ਸਿਖਲਾਈ ਦੇ ਸਾਰੇ ਅਭਿਆਸ ਦਾ ਕੇਂਦਰ ਹੋ ਸਕਦੀ ਹੈ।ਸਾਖਰਤਾ ਤੇ ਅਧਿਐਨ ਉਸ ਗੱਲ ਦੀ ਪੁਸ਼ਟੀ ਕਰਦਾ ਹੈ ਜਿਸ ਨੂੰ ਅਧਿਆਪਕ ਸਾਲਾ ਤੋਂ ਜਾਣਦੇ ਹਨ-ਬੱਚਿਆਂ ਦਾ ਕਿਤਾਬਾਂ ਨਾਲ ਜਿੰਨ੍ਹਾ ਸੰਪਰਕ ਹੁੰਦਾ ਹੈ ਉੱਨ੍ਹਾਂ ਉਹ ਵਧੀਆ ਪਾਠਕ ਬਣਦੇ ਹਨ।ਅਧਿਆਪਕ ਰੋਜ਼ ਪੜ੍ਹਕੇ ਅਤੇ ਲਾਇਬਰੇਰੀ ਦੀ ਵਿਆਪਕ ਵਰਤੋਂ ਦੁਆਰਾ ਬੱਚਿਆਂ ਨੂੰ ਵਧੀਆਂ ਪੜ੍ਹਨ ਲਈ ਉਤਸ਼ਾਹਿਤ ਕਰ ਸਕਦੇ ਹਨ।ਉਹ ਪਾਠ ਪੁਸਤਕਾਂ ਤੋਂ ਪਰੇ ਗਿਆਨ ਦੇ ਸਰੋਤਾਂ ਨੂੰ ਪਤਾ ਲਗਾਉਣ ਦੀ ਸੰਭਾਵਨਾ ਪ੍ਰਦਾਨ ਕਰਦੇ ਹਨ। ਅੱਜ ਬੱਚਿਆਂ ਦੇ ਲਈ ਲਾਇਬਰੇਰੀ ਵਿੱਚ ਰੱਖੇ ਸਾਹਿਤ ਕੇਵਲ ਕਹਾਣੀਆਂ ਹੀ ਨਹੀ ਹਨ, ਬਲਕਿ ਇਸ ਵਿੱਚ ਕਾਲਪਨਿਕ ਅਕਾਲਪਨਿਕ ਅਤੇ ਕਵਿਤਾ ਜਿਹੀਆਂ ਪੁਸਤਕਾਂ ਦੀ ਇੱਕ ਵੱਡੀ ਲੜੀ ਵੀ ਸ਼ਾਮਿਲ ਹੈ।ਲਾਇਬਰੇਰੀ ਸ਼ੁਰੂ ਵਿੱਚ ਜਮਾਤ ਦੇ ਬੱਚਿਆਂ ਤੋਂ ਲੈ ਕੇ ਬਜ਼ੁਰਗ ਅਵਸਥਾ ਤੱਕ ਸਾਰਿਆਂ ਨੂੰ ਸਿੱਖਣ ਵਿੱਚ ਯੋਗਦਾਨ ਦੇ ਸਕਦੀ ਹੈ ਅਤੇ ਨਾਲ ਹੀ ਇਹ ਬੱਚਿਆਂ ਦੇ ਲਈ ਗਿਆਨ ਦਾ ਇੱਕ ਮਹਾਨ ਭੰਡਾਰ ਹੋ ਸਕਦੀ ਹੈ।ਸਕੂਲ ਲਾਇਬਰੇਰੀ ਇੱਕ ਅਲੱਗ ਕਮਰੇ ਜਾਂ ਜਮਾਤ, ਲਾਇਬਰੇਰੀ ਜਾਂ ਹੋਰ ਕਿਸੇ ਅਜਿਹੇ ਤਰੀਕੇ ਦੇ ਨਾਲ ਚਲਾਈ ਜਾ ਸਕਦੀ ਹੈ ਜੋ ਸਕੂਲ ਨੂੰ ਉਚਿਤ ਲੱਗੇ ਅਤੇ ਜਿਸ ਵਿੱਚ ਸਫ਼ਲਤਾ ਦੀ ਸੰਭਾਵਨਾ ਹੋਵੇ।ਮਹੱਤਵਪੂਰਨ ਇਹ ਹੈ ਕਿ ਕਿਤਾਬਾਂ ਦੇ ਨਾਲ ਬੱਚਿਆਂ ਦੇ ਮੇਲ ਜੋਲ ਨੂੰ ਅਸਾਨ ਬਣਾਇਆ ਜਾਵੇ ।ਰਾਜਾਂ / ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਬੰਧ ਵਿੱਚ ਸਕੂਲ ਦੇ ਪ੍ਰਧਾਨ ਅਧਿਆਪਕ, ਅਧਿਆਪਕਾਂ ਅਤੇ ਲਾਇਬਰੇਰੀਅਨ ਦੁਆਰਾ ਸਕੂਲ ਵਿੱਚ ਲਾਇਬਰੇਰੀ ਸਥਾਪਿਤ ਕਰਨ ਅਤੇ ਚਲਾਉਣ ਲਈ ਕੁਝ ਜਰੂਰੀ ਦਿਸ਼ਾ ਨਿਰਦੇਸ਼ ਪ੍ਰਦਾਨ ਕਰਨ ਦੇ ਲਈ ਇੱਕ ਲਾਇਬਰੇਰੀ ਸਿਖਲਾਈ ਮਡਿਊਲ ਰਾਜ ਦੁਆਰਾ ਵਿਕਸਿਤ ਕੀਤਾ ਜਾ ਸਕਦਾ ਹੈ।

**ਵਿਚਾਰ ਵਟਾਂਦਰੇ:-**

**ਆਪਣੇ ਕਲਾਸ ਰੂਮ ਵਿੱਚ ਪਾਠ ਪੁਸਤਕਾਂ ਤੋਂ ਪਰੇ ਜਾਣ ਦਾ ਇੱਕ ਅਧਿਆਪਨ ਦਾ ਤਜ਼ਰਬਾ ਸਾਂਝਾ ਕਰੋ।ਵਿਦਿਆਰਥੀਆਂ ਦੀ ਭਾਗੀਦਾਰੀ ਅਤੇ ਅਜਿਹੇ ਤਜ਼ਰਬੇ ਬਾਰੇ ਤੁਹਾਡੇ ਕੀ ਵਿਚਾਰ ਹਨ।**

**ਲਾਇਬਰੇਰੀਆਂ ਸਕੂਲ ਸਿੱਖਿਆ ਦਾ ਇੱਕ ਮਹੱਤਵਪੂਰਨ ਹਿੱਸਾ ਹਨ, ਪਰ ਜਿਆਦਾਤਰ ਇਹਨਾਂ ਨੂੰ ਕਿਤਾਬਾਂ ਨਾਲ ਭਰੀਆਂ ਥਾਵਾਂ ਮੰਨਿਆਂ ਜਾਂਦਾ ਹੈ।ਆਪਣੇ ਵਿਚਾਰ ਸਾਂਝੇ ਕਰੋ ਕਿ ਕਿਵੇਂ ਲਾਇਬਰੇਰੀ ਸਪੇਸ ਨੂੰ ਵਧੇਰੇ ਰੋਚਕ ਅਤੇ ਜੀਵਿਤ ਜਗ੍ਹਾ ਬਣਾਉਣਾ ਹੈ।**

### ***ਸਿੱਖਣ ਨਤੀਜੇ:-***

ਐਨਸੀਈਆਰਟੀ ਨੇ ਹਾਲ ਹੀ ਵਿੱਚ ਲਰਨਿੰਗ ਨਤੀਜਿਆਂ ਦਾ ਵਿਕਾਸ ਕੀਤਾ ਹੈ ਜੋ ਸਮੱਗਰੀ ਰੋਟ ਲਰਨਿੰਗ ਦੇ ਅਧਾਰ ਤੇ ਮੁਲਾਂਕਣ ਤੋਂ ਦੂਰ ਜਾਣ ਲਈ ਹਨ। ਯੋਗਤਾ (ਸਿੱਖਣ ਦੇ ਨਤੀਜੇ) ਅਧਾਰਤ ਮੁਲਾਂਕਣ ਤੇ ਜ਼ੋਰ ਦਿੱਤਾ ਗਿਆ ਹੈ। ਅਧਿਆਪਕਾਂ ਅਤੇ ਸਮੁੱਚੀ ਪ੍ਰਣਾਲੀ ਨੂੰ ਇਹ ਸਮਝਣ ਵਿੱਚ ਸਹਾਇਤਾ ਕਰਨ ਲਈ ਕਿ ਬੱਚੇ, ਸਮਾਜ, ਵਿਆਕਤੀਗਤ ਗੁਣਾਂ ਅਤੇ ਹੁਨਰਾਂ ਅਤੇ ਤਬਦੀਲੀਆਂ ਦੇ ਰੂਪ ਵਿੱਚ ਇੱਕ ਵਿਸ਼ੇਸ਼ ਕਲਾਸ ਵਿੱਚ ਇੱਕ ਸਾਲ ਵਿੱਚ ਕੀ ਪ੍ਰਾਪਤ ਕਰਨਗੇ।ਸਿੱਖਣ ਦੇ ਨਤੀਜੇ ਉਹ ਬਿਆਨ ਹੁੰਦੇ ਹਨ ਜਿਸ ਵਿੱਚ ਬੱਚਿਆਂ ਨੂੰ ਇੱਕ ਵਿਸ਼ੇਸ਼ ਕਲਾਸ ਜਾਂ ਕੋਰਸ ਦੇ ਅਖੀਰ ਵਿੱਚ ਪ੍ਰਾਪਤ ਕਰਨ ਲਈ ਗਿਆਨ ਅਤੇ ਹੁਨਰ ਸ਼ਾਮਿਲ ਹੁੰਦੇ ਹਨ ਅਤੇ ਉਹਨਾਂ ਸਿੱਖਣ ਵਿਧੀਆਂ ਵਿੱਚ ਸਹਾਇਕ ਹੁੰਦੇ ਹਨ ਜੋ ਅਧਿਆਪਕਾਂ ਨੂੰ ਸਿਖਲਾਈ ਵਧਾਉਣ ਲਈ ਲਾਗੂ ਕਰਨੇ ਜ਼ਰੂਰੀ ਹੁੰਦੇ ਹਨ।ਕਥਨ ਪ੍ਰੀਕ੍ਰਿਆ ਅਧਾਰਿਤ ਹੁੰਦੇ ਹਨ

ਅਤੇ ਉਹ ਚੈਕ ਪੁਆਂਇਟ ਪ੍ਰਦਾਨ ਕਰਦੇ ਹਨ ਜੋ ਸੰਪੂਰਨ ਵਿਕਾਸ ਦੇ ਪੈਮਾਨੇ ਤੇ ਬੱਚੇ ਦੀ ਪ੍ਰਗਤੀ ਜਾ ਮੁਲਾਂਕਣ ਕਰਨ ਲਈ ਦੋਨੋ ਗੁਣਾਤਮਕ ਅਤੇ ਮਾਤਰਾਤਮਕ ਢੰਗ ਨਾਲ ਮਾਪਣਯੋਗ ਹਨ। ਵਾਤਾਵਰਨ ਅਧਿਐਨ ਲਈ ਦੋ ਸਿੱਖਣ ਨਤੀਜੇ ਉਦਾਹਰਣ ਦੇ ਤੋਰ ਤੇ ਹੇਠਾਂ ਦਿੱਤੇ ਗਏ ਹਨ:

- ਸਿੱਖਿਆਰਥੀ ਵੱਖ-ਵੱਖ ਉਮਰ ਸਮੂਹਾਂ ਦੇ ਲੋਕਾ ਜਾਨਵਰਾਂ ਅਤੇ ਪੰਛੀਆਂ ਲਈ ਭੋਜਨ ਦੀ ਲੋੜ, ਇਹਨਾਂ ਲਈ ਭੋਜਨ ਅਤੇ ਪਾਣੀ ਦੀ ਉਪਲੱਬਧਤਾ ਦੀ ਵਿਆਖਿਆ ਕਰਨਗੇ।
- ਸਿੱਖਿਆਰਥੀ ਪਰਿਵਾਰ ਦੇ ਮੈਂਬਰਾਂ ਦੇ ਰੋਲ, ਪ੍ਰਭਾਵ ਅਤੇ ਇਕੱਠੇ ਰਹਿਣ ਦੀ ਜਰੂਰਤ ਦੀ ਮੌਖਿਕ ਜਾਂ ਲਿਖਤੀ ਵਿਆਖਿਆ ਕਰਨਗੇ।

ਕੁਸ਼ਲਤਾ ਨਾਲ ਸਬੰਧਤ ਸਮਰੱਥਾਵਾਂ, ਪ੍ਰਤੀਬੱਧਤਾਵਾਂ, ਗਿਆਨ ਅਤੇ ਹੁਨਰਾਂ ਦਾ ਇੱਕ ਸਮੂਹ ਸ਼ਾਮਲ ਹੁੰਦਾ ਹੈ ਜੋ ਇੱਕ ਵਿਅਕਤੀ ਨੂੰ ਸਥਿਤੀ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਦੇ ਯੋਗ ਬਣਾਉਂਦਾ ਹੈ। ਯੋਗਤਾ ਗਿਆਨ ਅਤੇ ਕੁਸ਼ਲਤਾਵਾਂ ਦੀ ਪੂਰਤੀ ਨੂੰ ਦਰਸਾਉਂਦੀ ਹੈ ਜੋ ਕਿਸੇ ਨੂੰ ਕਈ ਤਰ੍ਹਾਂ ਦੀਆਂ ਸਥਿਤੀਆਂ ਵਿੱਚ ਕੰਮ ਕਰਨ ਦੇ ਯੋਗ ਬਣਾਉਂਦੀ ਹੈ।

ਉਪਰੋਕਤ ਸਿਖਲਾਈ ਦੇ ਨਤੀਜਿਆਂ ਨੂੰ ਪ੍ਰਾਪਤ ਕਰਨ ਲਈ, ਸਿੱਖਿਆਰਥੀਆਂ ਨੂੰ ਜੋੜਿਆਂ, ਸਮੂਹਾਂ ਵਿੱਚ ਵਿਅਕਤੀਗਤ ਰੂਪ ਵਿੱਚ ਕੰਮ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ ਅਤੇ ਉਹਨਾਂ ਨੂੰ ਨੇੜੇ ਦੇ ਮਾਹੌਲ ਨੂੰ ਵੇਖਣ ਅਤੇ ਖੋਜਣ ਲਈ ਉਤਸ਼ਾਹਤ ਕੀਤਾ ਜਾਣਾ ਹੈ- ਉਹਨਾਂ ਨੂੰ ਮੌਖਿਕ / ਲਿਖਤ / ਡਰਾਇੰਗ / ਇਸ਼ਾਰਿਆਂ ਵਿੱਚ ਰਿਕਾਰਡ ਕਰੋ ਅਤੇ ਪ੍ਰਗਟ ਕਰੋ। ਬੱਚਿਆਂ ਨੂੰ ਬਜ਼ੁਰਗਾਂ ਨਾਲ ਵਿਚਾਰ ਵਟਾਂਦਰੇ ਅਤੇ ਵੱਖ-ਵੱਖ ਥਾਵਾਂ ਦਾ ਦੌਰਾ ਕਰਨ, ਉਨ੍ਹਾਂ ਦੀ ਆਪਣੀ ਪਸੰਦ ਦੇ ਵਿਸ਼ੇ ’ਤੇ ਜਾਣਕਾਰੀ ਇਕੱਠੀ ਕਰਨ ਅਤੇ ਸਮੂਹਾਂ ਦੀਆਂ ਖੋਜਾਂ’ ਤੇ ਵਿਚਾਰ ਕਰਨ ਦੀ ਆਗਿਆ ਦੇਣ ਦੀ ਜ਼ਰੂਰਤ ਹੁੰਦੀ ਹੈ।

ਐਲੀਮੈਂਟਰੀ ਸਟੇਜ ’ਤੇ ਲਰਨਿੰਗ ਨਤੀਜਿਆਂ ਦਾ ਮਤਲਬ ਹੈ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ (ਸੀਡਬਲਯੂਐਸਐਨ) ਅਤੇ ਪੱਛੜੇ ਸਮੂਹਾਂ ਨਾਲ ਸਬੰਧਤ ਬੱਚਿਆਂ ਸਮੇਤ ਸਾਰੇ ਵਿਦਿਆਰਥੀਆਂ ਨੂੰ ਸਿੱਖਣ ਦੇ ਪ੍ਰਭਾਵਸ਼ਾਲੀ ਮੌਕੇ ਪ੍ਰਦਾਨ ਕਰਨਾ । ਇਹ ਵੱਖ ਵੱਖ ਪਾਠਕ੍ਰਮ ਖੇਤਰਾਂ ਲਈ ਵਿਕਸਤ ਕੀਤੇ ਗਏ ਹਨ। ਸਿਖਲਾਈ ਦੇ ਨਤੀਜੇ ਪਾਠਕ੍ਰਮ ਉਮੀਦਾਂ ਅਤੇ ਵਿਸ਼ੇਸ਼ ਬੱਚਿਆਂ ਦੀਆਂ ਵਿਦਿਅਕ ਪ੍ਰਕਿਰਿਆਵਾਂ ਨਾਲ ਜੁੜੇ ਹੋਏ ਹਨ ਜਿਨ੍ਹਾਂ ਦੀਆਂ ਵਿਸ਼ੇਸ਼ ਜ਼ਰੂਰਤਾਂ ਹਨ। ਪੱਛੜੇ ਸਮੂਹਾਂ ਨਾਲ ਸਬੰਧਤ ਬੱਚਿਆਂ ਲਈ ਪ੍ਰਬੰਧਾਂ ਵਿੱਚ ਹੇਠ ਦਿੱਤੇ ਸ਼ਾਮਲ ਹਨ:-

- ਸਿਖਲਾਈ ਪ੍ਰਕਿਰਿਆ ਵਿਚ ਉਨ੍ਹਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਓ ਅਤੇ ਉਨ੍ਹਾਂ ਨੂੰ ਦੂਜੇ ਬੱਚਿਆਂ ਦੀ ਤਰ੍ਹਾਂ ਤਰੱਕੀ ਵਿਚ ਸਹਾਇਤਾ ਕਰੋ। ਬੱਚਿਆਂ ਦੀ ਤੁਲਨਾ ਕਰਨ ਤੋਂ ਪਰਹੇਜ਼ ਕਰੋ।
- ਵਿਅਕਤੀਗਤ ਜ਼ਰੂਰਤਾਂ ਦੇ ਅਨੁਸਾਰ ਪਾਠਕ੍ਰਮ ਅਤੇ ਸਿੱਖਣ ਦੇ ਵਾਤਾਵਰਣ ਨੂੰ ਸੋਧਣਾ।
- ਵੱਖ ਵੱਖ ਸਮੱਗਰੀ ਦੇ ਖੇਤਰਾਂ ਵਿੱਚ ਅਨੁਕੂਲਿਤ ਗਤੀਵਿਧੀਆਂ ਦੀ ਵਿਵਸਥਾ।
- ਉਮਰ ਅਤੇ ਸਿੱਖਣ ਦੇ ਪੱਧਰਾਂ ਦੇ ਅਨੁਸਾਰ ਪਹੁੰਚਯੋਗ ਪਾਠ ਅਤੇ ਸਮੱਗਰੀ।
- ਕਲਾਸਰੂਮਾਂ ਦਾ ਉਚਿਤ ਪ੍ਰਬੰਧ ਉਦਾਹਰਣ ਲਈ ਸ਼ੋਰ ਦਾ ਪ੍ਰਬੰਧ, ਚਮਕ ਆਦਿ.
- ਜਾਣਕਾਰੀ ਦੀ ਵਰਤੋਂ ਕਰਕੇ ਅਤੇ ਵਧੇਰੇ ਸਹਾਇਤਾ ਦੀ ਵਿਵਸਥਾ ਸੰਚਾਰ ਟੈਕਨੋਲੋਜੀ (ਆਈਸੀਟੀ), ਵੀਡੀਓ ਜਾਂ ਡਿਜੀਟਾਈਜ਼ਡ ਫਾਰਮੈਟ।

- ਗਤੀਸ਼ੀਲਤਾ ਸਹਾਇਤਾ (ਪਹੀਏਦਾਰ ਕੁਰਸੀ, ਕਰੈਚ, ਚਿੱਟੀ ਗੱਟੀ), ਹੀਅਰਿੰਗ ਏਡਜ਼, ਆਪਟੀਕਲ ਜਾਂ ਗੈਰ-ਆਪਟੀਕਲ ਏਡਜ਼, ਵਿਦਿਅਕ ਸਹਾਇਤਾ (ਟੇਲਰ ਫਰੇਮ, ਅਬੈਕਸ, ਆਦਿ)
- ਸੀਡਬਲਊਐਸਐਨ ਦੀਆਂ ਤਾਕਤਾਂ ਅਤੇ ਕਮਜ਼ੋਰੀਆਂ ਬਾਰੇ ਦੂਜੇ ਬੱਚਿਆਂ ਨੂੰ ਸੰਵੇਦਨਸ਼ੀਲ ਕਰਨਾ।
- ਵਾਧੂ ਸਮਾਂ ਅਤੇ ਮੁਲਾਂਕਣਾਂ ਦੀ ਸਫਲਤਾਪੂਰਵਕ ਪੂਰਤੀ ਲਈ ਢੁੱਕਵੇਂ ਢੰਗਾਂ ਦੀ ਚੋਣ ਕਰਨਾ।
- ਘਰੇਲੂ ਭਾਸ਼ਾ ਦਾ ਸਨਮਾਨ ਅਤੇ ਸਮਾਜਕ-ਸਭਿਆਚਾਰਕ (ਉਦਾਹਰਣ: ਪਰੰਪਰਾਵਾਂ ਅਤੇ ਰਿਵਾਜ ਪ੍ਰਥਾਵਾਂ ਆਦਿ) ਸੰਬੰਧ ਰੱਖਣਾ

**<u>ਸਾਰੇ ਬੱਚਿਆਂ ਲਈ ਸਿਖਲਾਈ ਦੇ ਨਤੀਜਿਆਂ ਨੂੰ ਪ੍ਰਾਪਤ ਕਰਨ ਲਈ ਸਿੱਖਿਆ</u>**

**<u>ਅਧਿਆਪਕਾਂ ਦੀ ਸ਼ਮੂਲੀਅਤ ਵਾਲੇ ਕਲਾਸਰੂਮਾਂ ਦੀ ਭੂਮਿਕਾ</u>**

ਸਮੱਸਿਆ ਇਹ ਨਹੀਂ ਹੈ ਕਿ ਸਾਰੇ ਮਤਭੇਦਾਂ ਨੂੰ ਕਿਵੇਂ ਮਿਟਾਉਣਾ ਹੈ, ਪਰ ਸਾਰੇ ਅੰਤਰਾਂ ਨੂੰ ਕਿਵੇਂ ਬਰਕਰਾਰ ਰੱਖਣਾ ਹੈ. - **ਰਬਿੰਦਰਨਾਥ ਟੈਗੋਰ**

ਸਿੱਖਿਆ ਪ੍ਰਕਿਰਿਆ ਦਾ ਇੱਕ ਹਿੱਸਾ ਜੋ ਅਪਾਹਜ ਅਤੇ ਹੋਰ ਹਾਸ਼ੀਏ ਵਾਲੇ ਬੱਚਿਆਂ ਨੂੰ ਸ਼ਾਮਲ ਕਰਦਾ ਹੈ ਉਸ ਦੇ ਇੱਕ ਆਲੋਚਨਾਤਮਕ ਵਿਸ਼ਲੇਸ਼ਣ ਦੀ ਲੋੜ ਹੁੰਦੀ ਹੈ ਕਿ ਨਿਯਮਤ ਮੁੱਖ ਧਾਰਾ ਪ੍ਰਣਾਲੀ ਸਾਰੇ ਸਕੂਲ-ਉਮਰ ਦੇ ਬੱਚਿਆਂ ਲਈ ਚੰਗੀ ਕੁਆਲਟੀ ਦੀ ਸਿੱਖਿਆ ਪ੍ਰਦਾਨ ਕਰਨ ਵਿਚ ਸਫਲ ਕਿਉਂ ਨਹੀਂ ਹੁੰਦੀ। ਇਹ ਸਥਾਨਕ ਸਰੋਤਾਂ ਵਿੱਚ ਮੌਜੂਦਾ ਸਰੋਤਾਂ ਅਤੇ ਨਵੀਨਤਾਕਾਰੀ ਅਭਿਆਸਾਂ ਦੀ ਪਛਾਣ ਕਰਨ ਅਤੇ ਪਹੁੰਚ, ਭਾਗੀਦਾਰੀ ਅਤੇ ਸਿੱਖਣ ਦੀਆਂ ਰੁਕਾਵਟਾਂ ਦੀ ਜਾਂਚ ਕਰਨ ਲਈ ਵੀ ਕਹਿੰਦਾ ਹੈ। ਕਹਾਣੀ 'ਐਨੀਮਲ ਸਕੂਲ' ਵਿਅਕਤੀਗਤ ਰੂਪ ਵਿੱਚ ਪੜ੍ਹੋ। ਕਹਾਣੀ ਤੋਂ ਬਾਅਦ ਪੁੱਛੇ ਗਏ ਪ੍ਰਸ਼ਨਾਂ ਬਾਰੇ ਆਪਣੇ ਵਿਚਾਰ ਸਾਰੀ ਕਲਾਸ ਨਾਲ ਸਾਂਝੇ ਕਰੋ।

ਅਧਿਆਪਕਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪ੍ਰਭਾਵਸ਼ਾਲੀ ਅਤੇ ਸੰਮਲਿਤ ਸਿੱਖਿਆ ਸਾਰੇ ਬੱਚਿਆਂ ਲਈ ਚੰਗੀ ਹੈ। ਇਹ ਬੱਚਿਆਂ ਦੀਆਂ ਵਿਲੱਖਣ ਸ਼ਕਤੀਆਂ ਅਤੇ ਕਮਜ਼ੋਰੀਆਂ 'ਤੇ ਧਿਆਨ ਕੇਂਦਰਤ ਕਰਨ ਵਿਚ ਸਹਾਇਤਾ ਕਰਦੀ ਹੈ। ਇਸ ਤਰ੍ਹਾਂ ਉਨ੍ਹਾਂ ਦੀਆਂ ਵਿਅਕਤੀਗਤ ਸਿਖਲਾਈ ਦੀਆਂ ਜ਼ਰੂਰਤਾਂ ਲਈ, ਸਿਖਲਾਈ ਦੇ ਨਤੀਜਿਆਂ ਨੂੰ ਪ੍ਰਾਪਤ ਕਰਨ ਲਈ, ਸਾਰੇ ਸਿਖਿਆਰਥੀਆਂ ਨੂੰ ਪ੍ਰਭਾਵਸ਼ਾਲੀ ਸਿਖਲਾਈ ਦੇ ਮੌਕੇ ਪ੍ਰਦਾਨ ਕਰਨ ਲਈ, ਵੱਖਰੇਪਨ ਤੋਂ ਨਿਵੇਕਲੀਅਤ ਤੱਕ ਨਾਟਕੀ ਤਬਦੀਲੀ ਦੀ ਲੋੜ ਹੈ। ਸਾਨੂੰ ਨਾ ਸਿਰਫ ਸਭਿਆਚਾਰਕ ਵਿਭਿੰਨਤਾ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੈ ਬਲਕਿ ਵਿਭਿੰਨ ਸਮਾਜਿਕ ਅਤੇ ਆਰਥਿਕ ਪਿਛੋਕੜ ਅਤੇ ਸਰੀਰਕ ਭਿੰਨਤਾ ਵਾਲੇ ਬੱਚਿਆਂ ਦੀਆਂ ਮਨੋਵਿਗਿਆਨਕ ਅਤੇ ਬੌਧਿਕ ਵਿਸ਼ੇਸ਼ਤਾਵਾਂ ਨੂੰ ਵੀ ਜੇਕਰ ਉਹਨਾਂ ਨੇ ਸਕੂਲ ਵਿਚ ਸਿੱਖਣਾ ਹੈ ਅਤੇ ਸਫਲਤਾ ਹਾਸਿਲ ਕਰਨੀ ਹੈ । (ਐਨਸੀਐਫ 2005).

## ਐਨੀਮਲ ਸਕੂਲ: ਵਿਸ਼ਲੇਸ਼ਣ ਲਈ ਇਕ ਕਹਾਣੀ

ਇਕ ਵਾਰ ਜਾਨਵਰਾਂ ਨੇ ਫੈਸਲਾ ਕੀਤਾ ਕਿ ਉਨ੍ਹਾਂ ਨੂੰ "ਨਵੀਂ ਦੁਨੀਆਂ" ਦੀਆਂ ਮੁਸ਼ਕਲਾਂ ਦਾ ਹੱਲ ਕਰਨ ਲਈ ਕੁਝ ਬਹਾਦਰੀ ਜ਼ਰੂਰ ਕਰਨੀ ਚਾਹੀਦੀ ਹੈ। ਇਸ ਲਈ ਉਨ੍ਹਾਂ ਨੇ ਇੱਕ ਸਕੂਲ ਦਾ ਪ੍ਰਬੰਧ ਕੀਤਾ–

- ਉਨ੍ਹਾਂ ਨੇ ਇੱਕ ਸਰਗਰਮ ਪਾਠਕ੍ਰਮ ਅਪਣਾਇਆ ਜਿਸ ਵਿੱਚ ਚੱਲਣਾ, ਚੜ੍ਹਨਾ, ਤੈਰਾਕੀ ਅਤੇ ਉਡਾਣ ਸ਼ਾਮਲ ਹੈ।
- ਪਾਠਕ੍ਰਮ ਦਾ ਪ੍ਰਬੰਧਨ ਆਸਾਨ ਬਣਾਉਣ ਲਈ ਸਾਰੇ ਜਾਨਵਰਾਂ ਨੇ ਸਾਰੇ ਵਿਸ਼ੇ ਲੈ ਲਏ।
- ਬੱਤਖ ਤੈਰਾਕੀ ਵਿਚ ਸ਼ਾਨਦਾਰ ਸੀ। ਅਸਲ ਵਿਚ ਉਸ ਦੇ ਇੰਸਟ੍ਰਕਟਰ ਨਾਲੋਂ ਵੀ ਵਧੀਆ ਸੀ, ਪਰ ਉਸਨੇ ਉਡਾਣ ਭਰਨ ਵਿਚ ਸਿਰਫ ਪਾਸਿੰਗ ਗ੍ਰੇਡ ਹਾਸਿਲ ਕੀਤਾ ਅਤੇ ਦੌੜਣ ਵਿਚ ਬਹੁਤ ਮਾੜੀ ਸੀ। ਕਿਉਂਕਿ ਉਹ ਦੌੜਣ ਵਿੱਚ ਹੌਲੀ ਸੀ, ਇਸ ਲਈ ਉਸਨੂੰ ਸਕੂਲ ਤੋਂ ਬਾਅਦ ਵੀ ਰਹਿਣਾ ਪਿਆ ਅਤੇ ਦੌੜ ਦਾ ਅਭਿਆਸ ਕਰਨ ਲਈ ਤੈਰਾਕੀ ਵੀ ਛੱਡਣੀ ਪਈ।
- ਇਹ ਉਦੋਂ ਤਕ ਜਾਰੀ ਰੱਖਿਆ ਗਿਆ ਜਦੋਂ ਤੱਕ ਉਸਦੇ ਤੈਰਾਕ (ਵੈਬ) ਪੈਰ ਬੁਰੀ ਤਰ੍ਹਾਂ ਖਰਾਬ ਨਹੀਂ ਹੋ ਗਏ ਅਤੇ ਉਹ ਤੈਰਾਕੀ ਵਿਚ ਸਿਰਫ ਔਸਤਨ ਰਹਿ ਗਈ ਸੀ। ਪਰ ਔਸਤ ਹੋਣਾ ਸਕੂਲ ਵਿੱਚ ਮਨਜ਼ੂਰ ਸੀ ਇਸ ਲਈ ਬੱਤਖ ਤੋਂ ਇਲਾਵਾ ਕਿਸੇ ਨੂੰ ਵੀ ਇਸ ਬਾਰੇ ਚਿੰਤਾ ਨਹੀਂ ਸੀ।
- ਖਰਗੋਸ਼ ਨੇ ਆਪਣੀ ਸ਼ੁਰੂਆਤ ਕਲਾਸ ਵਿੱਚ ਅੱਵਲ ਆਉਣ ਤੋਂ ਸ਼ੁਰੂ ਕੀਤੀ, ਪਰ ਤੈਰਾਕੀ ਵਿਚ ਉਸ ਨੂੰ ਬਹੁਤ ਸਾਰੀ ਮਿਹਨਤ ਕਰਨੀ ਪਈ ਜਿਸ ਨਾਲ ਉਸ ਦਾ ਮਾਨਸਿਕ ਸੰਤੁਲਨ ਵਿਗੜ ਗਿਆ।
- ਗਿਲਹਿਰੀ ਚੜਾਈ ਕਰਨ ਵਿਚ ਸ਼ਾਨਦਾਰ ਸੀ ਜਦੋਂ ਤਕ ਉਸਦੀ ਦਿਲਚਸਪੀ ਖਤਮ ਨਹੀਂ ਹੋ ਗਈ ਕਿਉਂਕਿ ਉਸ ਦੇ ਅਧਿਆਪਕ ਨੇ ਉਸ ਨੂੰ ਦਰੱਖਤ ਦੇ ਸਿਰੇ ਤੋਂ ਹੇਠਾਂ ਨੂੰ ਆਉਣ ਦੀ ਬਜਾਏ ਜ਼ਮੀਨ ਤੋਂ ਉਪਰ ਵੱਲ ਚੜ੍ਹਨ ਲਈ ਕਿਹਾ ਜਿਸ ਨਾਲ ਮਾਮਲਾ ਬਿਗੜਨਾ ਸ਼ੁਰੂ ਹੋ ਗਿਆ। ਫਲ ਸਰੂਪ ਉਸਨੂੰ ਚੜਾਈ ਵਿੱਚ ਸੀ ਅਤੇ ਦੌੜ ਵਿੱਚ ਡੀ ਗ੍ਰੇਡ ਮਿਲਿਆ।
- ਬਾਜ਼ ਇਕ ਮੁਸ਼ਕਲ ਵਾਲਾ ਬੱਚਾ ਸੀ ਅਤੇ ਬੜੀ ਸਖਤੀ ਨਾਲ ਅਨੁਸ਼ਾਸਿਤ ਕੀਤਾ ਗਿਆ ਸੀ। ਚੜਾਈ ਦੀ ਕਲਾਸ ਵਿਚ ਉਸਨੇ ਹੋਰਨਾਂ ਨੂੰ ਰੁੱਖ ਦੇ ਸਿਖਰ ਤੇ ਪਹੁੰਚਣ ਵਿੱਚ ਹਰਾਇਆ ਪਰ ਉਸਨੂੰ ਪਸੰਦ ਨਹੀਂ ਕੀਤਾ ਗਿਆ ਕਿਉਂਕਿ ਉਸਨੇ ਉਥੇ ਪਹੁੰਚਣ ਲਈ ਆਪਣਾ ਹੀ ਤਰੀਕਾ ਵਰਤਣ ਤੇ ਜ਼ੋਰ ਦਿੱਤਾ।
- ਸਾਲ ਦੇ ਅਖੀਰ ਵਿਚ ਇਕ ਅਸਧਾਰਨ ਈਲ ਜੋ ਤੈਰ ਸਕਦੀ ਸੀ, ਥੋੜੀ ਚੜਾਈ, ਥੋੜੀ ਭੱਜਦੋੜ ਅਤੇ ਥੋੜਾ ਬਹੁਤ ਉੱਡ ਸਕਦੀ ਸੀ।ਉਸ ਨੇ ਸਭ ਤੋਂ ਵੱਧ ਔਸਤ ਅੰਕ ਹਾਸਲ ਕੀਤੇ ਅਤੇ ਜੇਤੂ ਰਹੀ।
- ਪ੍ਰੇਰੀ ਕੁੱਤੇ ਸਕੂਲ ਤੋਂ ਬਾਹਰ ਹੀ ਰਹੇ ਅਤੇ ਪ੍ਰਸ਼ਾਸਨ ਨਾਲ ਲੜਦੇ ਰਹੇ ਕਿਉਂਕਿ ਪਾਠਕ੍ਰਮ ਵਿਚ ਖੁਦਾਈ ਅਤੇ ਖੁੱਡਾ ਪੁੱਟਣਾ ਸ਼ਾਮਲ ਨਹੀਂ ਕੀਤਾ ਜਾ ਰਿਹਾ ਸੀ।

**ਵਰਕਸ਼ੀਟ**

ਇਸ 'ਤੇ ਵਿਚਾਰ ਸਾਂਝੇ ਕਰੋ:

- ਸਾਰੇ ਜਾਨਵਰਾਂ ਨੇ ਉਹੀ ਵਿਸ਼ੇ ਕਿਉਂ ਲਏ? ਕੀ ਉਨ੍ਹਾਂ ਸਾਰਿਆਂ ਨੂੰ ਇਸ ਨਾਲ ਲਾਭ ਹੋਇਆ?

- ਸਾਰੇ ਵਿਸ਼ਿਆਂ ਵਿੱਚ ਔਸਤ ਹੋਣਾ ਸਕੂਲ ਦੁਆਰਾ ਸਵੀਕਾਰਯੋਗ ਸੀ। ਕੀ ਇਹ ਸਾਰੇ ਜਾਨਵਰਾਂ ਲਈ ਠੀਕ ਸੀ ?
- ਤੁਸੀਂ ਕਿਉਂ ਸੋਚਦੇ ਹੋ ਕਿ ਗਿਲਹਿਰੀ ਨੂੰ ਰੁੱਖ ਦੇ ਸਿਖਰ ਤੋਂ ਹੇਠਾਂ ਉਤਰਨ ਦੀ ਇਜਾਜ਼ਤ ਕਿਉਂ ਨਹੀਂ ਸੀ?
- ਬਾਜ਼ ਨੂੰ ਇੱਕ ਸਮੱਸਿਆ ਵਾਲੇ ਬੱਚੇ ਵਜੋਂ ਕਿਉਂ ਵੇਖਿਆ ਗਿਆ?
- ਤੁਸੀਂ ਕਿਉਂ ਸੋਚਦੇ ਹੋ ਕਿ ਪ੍ਰੈਰੀ-ਕੁੱਤੇ ਖੁਦਾਈ ਅਤੇ ਖੁੱਡਾ ਪੁੱਟਣਾ ਪਾਠਕ੍ਰਮ ਵਿੱਚ ਜੋੜਨਾ ਚਾਹੁੰਦੇ ਸਨ ?

ਸਕੂਲਾਂ ਵਿੱਚ ਵਿਤਕਰੇ, ਸਰੀਰਕ ਸਜ਼ਾ, ਦੁਰਵਿਵਹਾਰ ਜਾਂ ਛੇੜਛਾੜ / ਧੱਕੇਸ਼ਾਹੀ ਦਾ ਸਾਹਮਣਾ ਕਰਨ ਦਾ ਕੋਈ ਡਰ ਨਹੀਂ ਹੋਣਾ ਚਾਹੀਦਾ ਨਾਲ ਹੀ ਅਧਿਆਪਕਾਂ ਨੂੰ ਆਪਣੇ ਸਿੱਖਣ ਦੇ ਕਾਰਜਾਂ ਅਤੇ ਵਿਦਿਅਕ ਅਭਿਆਸਾਂ ਨੂੰ ਇਸ ਨਾਲ ਯੋਜਨਾਬੱਧ ਕਰਨ ਦੀ ਜ਼ਰੂਰਤ ਹੈ ਕਿ ਸਾਰੇ ਬੱਚੇ ਸਿੱਖਿਆ ਪ੍ਰਕਿਰਿਆ ਵਿਚ ਬਰਾਬਰ ਹਿੱਸਾ ਲੈਣ ਦੇ ਯੋਗ ਹੋਣ। ਜਮਾਤੀ ਵਾਤਾਵਰਣ ਅਜਿਹਾ ਹੋਣਾ ਚਾਹੀਦਾ ਹੈ ਕਿ ਹਰ ਬੱਚਾ ਮਾਯੂਸ, ਬੋਰ, ਡਰ ਜਾਂ ਇਕੱਲੇ ਮਹਿਸੂਸ ਕਰਨ ਦੀ ਬਜਾਏ ਖੁਸ਼ ਅਤੇ ਆਰਾਮ ਮਹਿਸੂਸ ਕਰੇ। ਸਾਰੇ ਬੱਚਿਆਂ ਨੂੰ ਦਿੱਤੇ ਸਿੱਖਿਆ ਦੇ ਬੁਨਿਆਦੀ ਅਧਿਕਾਰ ਨੂੰ ਕਾਇਮ ਰੱਖਣਾ ਸਾਰੇ ਸਿੱਖਿਆਰਥੀਆਂ ਲਈ ਸੁਰੱਖਿਅਤ ਅਤੇ ਸੰਮਿਲਤ ਵਾਤਾਵਰਣ ਬਣਾਉਣਾ ਮਹੱਤਵਪੂਰਨ ਹੈ।

ਹਰ ਬੱਚੇ ਦਾ ਅਧਿਕਾਰ ਹੈ ਕਿ ਉਹ ਆਪਣੇ ਸਮਾਜ ਦੇ ਸਕੂਲ ਵਿੱਚ ਜਾਏ, ਉਸਦਾ ਸਵਾਗਤ ਕੀਤਾ ਜਾਏ ਅਤੇ ਅਧਿਆਪਕਾਂ ਅਤੇ ਹਾਣੀਆਂ ਦੁਆਰਾ ਇਕੋ ਜਿਹਾ ਸ਼ਾਮਲ ਕੀਤਾ ਜਾਵੇ। ਅਧਿਐਨਾਂ ਨੇ ਦਿਖਾਇਆ ਹੈ ਕਿ ਸ਼ਮੂਲੀਅਤ ਵੱਖਰੀ ਸਕੂਲਿੰਗ ਨਾਲੋਂ ਸਭ ਤੋਂ ਜਿਆਦਾ ਸਸਤੀ, ਵਿੱਦਿਅਕ ਅਤੇ ਸਮਾਜਕ ਤੌਰ ਤੇ ਵਧੇਰੇ ਪ੍ਰਭਾਵਸ਼ਾਲੀ ਹੈ। ਜਦੋਂ ਸਾਰੇ ਬੱਚੇ ਉਹਨਾਂ ਦੇ ਪਿਛੋਕੜ ਜਾਂ ਸਿੱਖਣ ਦੀਆਂ ਜ਼ਰੂਰਤਾਂ ਦੀ ਪਰਵਾਹ ਕੀਤੇ ਬਿਨਾਂ ਇਕੱਠੇ ਸਿਖਿਅਤ ਕੀਤੇ ਜਾਂਦੇ ਹਨ ਤਾਂ ਹਰ ਇੱਕ ਦਾ ਫਾਇਦਾ ਹੁੰਦਾ ਹੈ ਅਤੇ ਇਹ ਸੰਮਲਿਤ ਸਿੱਖਿਆ ਦਾ ਅਧਾਰ ਹੈ। ਬੱਚਿਆਂ ਨੂੰ ਮਿਆਰੀ ਸਿਖਿਆ ਸਿਖਾਉਣ ਅਤੇ ਸਿਖਲਾਈ ਦੇ ਮੌਕੇ ਪ੍ਰਦਾਨ ਕਰਨ ਲਈ ਸਕੂਲ ਅਤੇ ਅਧਿਆਪਕਾਂ ਨੂੰ ਵਧੇਰੇ ਸਖਤ ਮਿਹਨਤ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਇਹ ਹਮੇਸ਼ਾਂ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਜਦੋਂ ਪ੍ਰਾਪਤੀ ਵਿੱਚ ਕਮੀ ਲਈ ਸਪੱਸ਼ਟੀਕਰਨ ਦੀ ਮੰਗ ਕਰਦੇ ਸਮੇਂ ਅਧਿਆਪਕ ਲਾਜ਼ਮੀ ਤੌਰ 'ਤੇ ਅਧਿਆਪਨ ਦੀਆਂ ਕਮੀਆਂ ਬਾਰੇ ਵਿਚਾਰ ਕਰਨ ਲਈ ਵੀ ਤਿਆਰ ਰਹਿਣ।ਸਾਨੂੰ ਸਮਝਣਾ ਚਾਹੀਦਾ ਹੈ ਕਿ ਸਿੱਖਿਆ ਦਾ ਸਾਰਾ ਨੁਕਤਾ ਨਾ ਸਿਰਫ ਸੰਮਲਿਤ ਸਕੂਲ ਬਣਾਉਣਾ ਹੈ ਬਲਕਿ ਸੰਮਲਿਤ ਸੁਸਾਇਟੀਆਂ ਬਣਾਉਣਾ ਵੀ ਹੈ।

**ਵਿਚਾਰ ਵਟਾਂਦਰੇ**

- **ਕੀ ਤੁਸੀਂ ਹੋਰ ਕਾਰਨਾਂ ਬਾਰੇ ਸੋਚ ਸਕਦੇ ਹੋ ਕਿ ਸਾਰੇ ਬੱਚਿਆਂ ਨੂੰ ਨਿਯਮਤ ਸਕੂਲ ਕਿਉਂ ਜਾਣਾ ਚਾਹੀਦਾ ਹੈ?**
- **ਛੋਟੇ ਸਮੂਹਾਂ ਵਿੱਚ ਵਿਚਾਰ ਵਟਾਂਦਰੇ ਕਰੋ ਕਿ ਕਿਵੇਂ ਸਾਰੇ ਬੱਚਿਆਂ ਨੂੰ ਮਿਲ ਕੇ ਸਿੱਖਿਆ ਦੇਣਾ ਸ਼ਾਮਲ ਸਮਾਜਾਂ ਨੂੰ ਬਣਾਉਣ ਵਿੱਚ ਸਹਾਇਤਾ ਕਰ ਸਕਦਾ ਹੈ?**

ਅਧਿਆਪਕ ਜਾਣੇ-ਅਨਜਾਣੇ ਵਿੱਚ ਰਸਮੀ ਅਤੇ ਗੈਰ ਰਸਮੀ ਤੌਰ 'ਤੇ ਆਪਣੀਆਂ ਖੁਦ ਦੀਆਂ ਸਮਾਜਿਕ ਕਿਰਿਆਵਾਂ ਦੇ ਨਤੀਜੇ ਵਜੋਂ ਲਿੰਗ ਅਧਾਰਤ ਰਵੱਈਏ ਪੈਦਾ ਕਰਦੇ ਹਨ। ਇਸ ਲਈ ਸਾਰੇ ਅਧਿਆਪਕ, ਜਦੋਂ ਉਹ ਕਲਾਸਰੂਮ ਵਿੱਚ ਦਾਖਲ ਹੁੰਦੇ ਹਨ, ਨੂੰ ਆਪਣੇ ਖੁਦ ਦੇ ਪੱਖਪਾਤ ਨੂੰ ਛੱਡ ਦੇਣਾ ਚਾਹੀਦਾ ਹੈ।

ਕੁੜੀਆਂ, ਖ਼ਾਸਕਰ ਐਸਸੀ ਅਤੇ ਐਸਟੀ ਵਰਗੇ ਹਾਸ਼ੀਏ 'ਤੇ ਰਹਿਣ ਵਾਲੇ ਸਮੂਹ ਨਾਲ ਸਬੰਧਤ ਆਪਣੀ ਸਮੱਗਰੀ ਨਾਲ ਪਛਾਣ ਕਰਨ ਵਿਚ ਅਸਮਰੱਥਾ, ਪੱਖਪਾਤੀ ਰੁਕਾਵਟ ਜੋ ਕਿ ਪਾਠ-ਪੁਸਤਕਾਂ ਵਿਚ ਹੋ ਸਕਦੀ ਹੈ, ਔਰਤਾਂ ਦੀ ਘੱਟ ਨੁਮਾਇੰਦਗੀ ਕਰਨ ਵਾਲੀਆਂ ਭੂਮਿਕਾਵਾਂ ਅਤੇ ਪ੍ਰਗਤੀਸ਼ੀਲ ਭੂਮਿਕਾਵਾਂ ਵਿੱਚ ਮਰਦਾਂ ਦੀ ਪ੍ਰਤੀਨਿਧਤਾ ਦੇ ਕਾਰਨ ਅਕਸਰ ਆਪਣੇ ਖ਼ੁਦ ਦੇ ਸਿੱਖਣ ਦੇ ਵਾਤਾਵਰਣ ਵਿਚ ਵੱਖਰੇ ਮਹਿਸੂਸ ਕਰਦੀਆਂ ਹਨ। ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਦੀ ਚੋਣਵੀਂ ਵੰਡ ਅਤੇ ਗਤੀਵਿਧੀਆਂ ਦੀ ਵੰਡ, ਅਪਮਾਨਜਨਕ ਭਾਸ਼ਾ ਦੀ ਵਰਤੋਂ ਆਦਿ ਦੇ ਮਾਮਲੇ ਵਿੱਚ ਅਧਿਆਪਕਾਂ ਦਾ ਵਿਤਕਰਾਤਮਕ ਰਵੱਈਆ ਘੱਟ ਸਵੈ-ਮਾਣ ਅਤੇ ਇਕੱਲਤਾ ਦੀ ਭਾਵਨਾ ਪੈਦਾ ਕਰਦਾ ਹੈ ਜਿਸਦੇ ਨਤੀਜੇ ਵਜੋਂ ਕਲਾਸਰੂਮ ਵਿੱਚ ਉਨ੍ਹਾਂ ਦੀ ਭਾਗੀਦਾਰੀ ਦੇ ਪੱਧਰ ਨੂੰ ਪ੍ਰਭਾਵਤ ਕਰ ਸਕਦਾ ਹੈ। ਇਥੇ ਅਧਿਆਪਕ ਸਾਰਥਕ ਭੂਮਿਕਾ ਅਦਾ ਕਰ ਸਕਦਾ ਹੈ।

ਅਧਿਆਪਨ-ਸਿਖਲਾਈ ਵਾਤਾਵਰਣ ਭਾਗੀਦਾਰੀ ਤੇ ਅਧਾਰਿਤ ਹੋਣਾ ਚਾਹੀਦਾ ਹੈ ਅਤੇ ਇਹ ਸੁਨਿਸ਼ਚਿਤ ਕਰੋ ਕਿ ਲੜਕੀਆਂ ਵੀ ਸਿੱਖਣ ਦੀ ਪ੍ਰਕਿਰਿਆ ਵਿਚ ਸਰਗਰਮੀ ਨਾਲ ਸ਼ਾਮਲ ਹਨ। ਅਧਿਆਪਕ ਨੂੰ ਪਹਿਲਾਂ ਸਕੂਲ ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਲਿੰਗਕ ਅੰਤਰ ਨੂੰ ਪਛਾਣਨਾ ਚਾਹੀਦਾ ਹੈ ਅਤੇ ਫਿਰ ਕਲਾਸਰੂਮ ਵਿੱਚ ਅਤੇ ਬਾਹਰ ਗਤੀਵਿਧੀਆਂ ਦੀ ਯੋਜਨਾ ਬਣਾਉਣਾ ਅਤੇ ਲਾਗੂ ਕਰਨਾ ਚਾਹੀਦਾ ਹੈ। ਅਜਿਹੀ ਕੋਸ਼ਿਸ਼ ਨਾਲ ਕਲਾਸਰੂਮ ਵਿਚ ਇਕ ਸਮਰੱਥ ਵਾਤਾਵਰਣ ਪੈਦਾ ਹੋਣ ਦੀ ਸੰਭਾਵਨਾ ਹੈ ਜਿੱਥੇ ਲੜਕੀਆਂ ਸਮੇਤ ਸਾਰੇ ਵਿਦਿਆਰਥੀ ਆਪਣੇ ਤਜ਼ਰਬੇ ਸਾਂਝੇ ਕਰ ਸਕਦੇ ਹਨ, ਮੌਜੂਦਾ ਪੱਖਪਾਤ ਤੇ ਪ੍ਰਸ਼ਨਾਂ ਤੇ ਸਵਾਲ ਉਠਾ ਸਕਦੇ ਹਨ ਅਤੇ ਵਿਚਾਰ ਵਟਾਂਦਰੇ ਅਤੇ ਬਹਿਸ ਦੇ ਅਧਾਰ ਤੇ ਹੱਲ ਕੱਢਦੇ ਸਕਦੇ ਹਨ।


ਚਰਚਾ ਬਿੰਦੂ

ਸਮੂਹਾ ਵਿੱਚ ਵਿਚਾਰ ਵਟਾਂਦਰੇ ਕਰੋ ਕਿ ਅਧਿਆਪਕ ਬੱਚਿਆਂ ਵਿੱਚ ਲਿੰਗ ਸਮੂਲੀਅਤ ਵਾਲੇ ਵਿਵਹਾਰ ਕਿਵੇਂ ਵਿਕਸਿਤ ਕਰ ਸਕਦੇ ਹਨ।

## *ਅਧਿਆਪਕਾਂ ਦੀਆਂ ਮੁਹਾਰਤਾਂ*

### *ਵਿਭਿਨਤਾ ਨੂੰ ਸਵਿਕਾਰ ਅਤੇ ਸੰਬੋਧਿਤ ਕਰੋ*

- ਅਪਾਹਜਾਂ ਸਮੇਤ ਸਿੱਖਿਅਕਾਂ ਵਿਚ ਅੰਤਰਾਂ ਦੀ ਪਛਾਣ ਕਰਨ ਲਈ ਸੰਵੇਦਨਸ਼ੀਲ ਬੱਚਿਆਂ ਦੀ ਤਾਕਤ ਅਤੇ ਕਮਜ਼ੋਰੀ, ਯੋਗਤਾ ਅਤੇ ਦਿਲਚਸਪੀ ਪ੍ਰਤੀ ਜਾਗਰੂਕ ਹੋਣਾ।
- ਵਿਦਿਆਰਥੀਆਂ ਦੇ ਵਿੱਚ ਸਮਾਜਿਕ- ਸਭਿਆਚਾਰਕ, ਸਮਾਜਿਕ-ਆਰਥਿਕ ਅਤੇ ਸਰੀਰਕ ਵਖਰੇਵਿਆਂ ਨੂੰ ਸਵੀਕਾਰਨਾ- ਸਿੱਖਿਅਕਾਂ ਵਿਚ ਸਮਾਜਿਕ ਰਵਾਇਤਾਂ, ਪਰੰਪਰਾਵਾਂ ਅਤੇ ਸਭਿਆਚਾਰਕ ਅਭਿਆਸਾਂ, ਕੁਦਰਤੀ ਨਿਵਾਸ, ਘਰ ਅਤੇ ਆਂਢ-ਗੁਆਂਢ ਵਿਚ ਵਾਤਾਵਰਣ ਨੂੰ ਸਮਝਣਾ।
- ਮਤਭੇਦਾਂ ਦੀ ਪ੍ਰਸ਼ੰਸਾ ਕਰਨਾ ਅਤੇ ਉਹਨਾਂ ਨੂੰ ਸਰੋਤ ਮੰਨਣਾ - ਸਿੱਖਣ ਦੀ ਪ੍ਰਕਿਰਿਆ ਵਿਚ ਬੱਚਿਆਂ ਦੇ ਵੱਖੋ ਵੱਖਰੇ ਪ੍ਰਸੰਗ ਅਤੇ ਗਿਆਨ ਦੀ ਵਰਤੋਂ ਕਰਨਾ.
- ਵੱਖੋ ਵੱਖਰੀਆਂ ਸਿੱਖਣ ਦੀਆਂ ਜ਼ਰੂਰਤਾਂ ਨੂੰ ਸਮਝਣ ਅਤੇ ਉਹਨਾਂ ਤੇ ਅਮਲ ਕਰਨ ਦੀ ਹਮਦਰਦੀ - ਸਿੱਖਣ ਦੀਆਂ ਸ਼ੈਲੀਆਂ ਪ੍ਰਤੀ ਵਿਚਾਰ ਕਰੋ ਅਤੇ ਉਸ ਅਨੁਸਾਰ ਜਵਾਬ ਦਿਓ।




ਸੰਮਲਿਤ ਸਿੱਖਿਆ ਅਤੇ ਆਰਪੀਡਬਲਯੂਡੀ ਐਕਟ 2016

ਹਾਲ ਹੀ ਵਿੱਚ ਲਾਗੂ ਕੀਤਾ ਆਰਪੀਡਬਲਯੂਡੀ ਐਕਟ 2016 ਨੂੰ ਦਿਵਯੰਜਨ ਅਧਿਕਾਰ ਕਾਨੂੰਨ 2016 (ਹਿੰਦੀ ਵਿੱਚ) ਵੀ ਜਾਣਿਆ ਜਾਂਦਾ ਹੈ। ਇਹ ਸਰਵਮੱਤ ਸਿੱਖਿਆ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਇਸ ਨੂੰ ਪਰਿਭਾਸ਼ਤ ਕਰਦਾ ਹੈ - ਸੰਮਿਲਤ ਸਿੱਖਿਆ ਦਾ ਅਰਥ ਹੈ ਇੱਕ ਵਿੱਦਿਆ ਪ੍ਰਣਾਲੀ ਜਿਸ ਵਿੱਚ ਵਿਕਲਾਂਗ ਅਤੇ ਅਪੰਗਤਾ ਵਾਲੇ ਵਿਦਿਆਰਥੀ ਇਕੱਠੇ ਸਿੱਖਦੇ ਹਨ ਅਤੇ ਸਿਖਾਉਣ ਅਤੇ ਸਿਖਲਾਈ ਦੀ ਪ੍ਰਣਾਲੀ ਨੂੰ ਸਿੱਖਣ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ, ਅਪਾਹਜ ਵਿਦਿਆਰਥੀਆਂ ਦੀਆਂ ਵੱਖ ਵੱਖ ਕਿਸਮਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਢੁੱਕਵਾਂ ਬਣਾਇਆ ਜਾਂਦਾ ਹੈ।

(ਆਰਪੀਡਬਲਯੂਡੀ ਐਕਟ, 2016 ਦੀ ਧਾਰਾ 1 ਐਮ)

- ਸਿਖਲਾਈ ਪ੍ਰਾਪਤ ਕਰਨ ਵਾਲੇ ਨੂੰ ਵੱਖੋ ਵੱਖਰੇ ਵਿਕਲਪ ਪ੍ਰਦਾਨ ਕਰਨ ਲਈ ਸਰੋਤਾਂ ਨੂੰ ਜੁਟਾਉਣ ਦੀ ਸਮਰੱਥਾ - ਪ੍ਰਿੰਟ ਅਤੇ ਡਿਜੀਟਲ ਰੂਪਾਂ ਵਿਚ ਵੱਖ-ਵੱਖ ਸਰੋਤਾਂ ਦੀ ਪਛਾਣ ਅਤੇ ਪ੍ਰਬੰਧਨ, ਆਲੇ ਦੁਆਲੇ ਵਿਚ ਘੱਟ ਕੀਮਤ ਵਾਲੀ ਸਮੱਗਰੀ, ਕਲਾਵਾਂ, ਆਲੇ ਦੁਆਲੇ ਵਿਚ ਸਿੱਖਣ ਦੀਆਂ ਸਾਈਟਾਂ ਅਤੇ ਸਹਾਇਕ ਮਨੁੱਖੀ ਸਰੋਤ।
- ਸਿਖਲਾਈ ਦੇ ਸਮਰਥਨ ਲਈ ਤਕਨਾਲੋਜੀ ਦੀ ਵਰਤੋਂ - ਉਦਾਹਰਣ ਦੇ ਲਈ ਵੱਖ ਵੱਖ ਐਪਸ ਦੀ ਵਰਤੋਂ, ਗੂਗਲ ਆਰਟ ਅਤੇ ਸਭਿਆਚਾਰ, ਗੂਗਲ ਸਕਾਈ, ਗੂਗਲ ਅਰਥ, ਵਿਸ਼ੇਸ਼ ਖਾਸ ਐਪਸ: ਜਿਓਜੇਬਰਾ, ਟਕਸ ਆਫ ਗਣਿਤ ਅਤੇ ਗੂਗਲ ਸਪੀਕ।
- ਅੰਤਰ-ਨਿੱਜੀ ਸੰਬੰਧਾਂ / ਨਰਮ ਹੁਨਰਾਂ ਨਾਲ ਨਜਿੱਠਣਾ - ਸੁਣਨ, ਜਵਾਬ ਦੇਣ, ਗੱਲਬਾਤ ਸ਼ੁਰੂ ਕਰਨ ਅਤੇ ਬਣਾਈ ਰੱਖਣ ਦੇ ਹੁਨਰ, ਸਕਾਰਾਤਮਕ ਆਦਰ, ਸਰੀਰ ਦੀ ਦਿੱਖ ਅਤੇ ਸੰਕੇਤ।

ਵਿਚਾਰ ਵਟਾਂਦਰੇ

- **ਕੀ ਤੁਸੀਂ ਆਪਣੀ ਸਿੱਖਿਆ ਵਿੱਚ ਵਿਭਿੰਨਤਾ ਨੂੰ ਸੰਬੋਧਿਤ ਕਰਦੇ ਹੋਏ ਇਨ੍ਹਾਂ ਵਿੱਚੋਂ ਕਿਸੇ ਹੁਨਰ ਦੀ ਕੋਸ਼ਿਸ਼ ਕੀਤੀ ਹੈ।**
- **ਆਪਣੀ ਕਲਾਸ ਵਿਚ ਸਾਰੇ ਸਿਖਿਆਰਥੀਆਂ ਦੀ ਬਰਾਬਰ ਭਾਗੀਦਾਰੀ ਨੂੰ ਉਤਸ਼ਾਹਤ ਕਰਨ ਲਈ ਤੁਸੀਂ ਕਿਸ ਤਰ੍ਹਾਂ ਦੇ ਅਧਿਆਪਨ ਦੇ ਹੁਨਰਾਂ ਦੀ ਵਰਤੋਂ ਕਰੋਗੇ।**

## ਲਿੰਗ-ਸੰਵੇਦਨਸ਼ੀਲ ਸਿੱਖਿਆ

ਅਸੀਂ ਸਾਰੇ ਜਾਣਦੇ ਹਾਂ ਕਿ ਲਿੰਗ ਸਾਰੇ ਵਿਸ਼ਿਆਂ ਵਿਚ ਇਕ ਬਹੁਤ ਵੱਡੀ ਚਿੰਤਾ ਹੈ ਅਤੇ ਗਿਆਨ ਦੇ ਨਿਰਮਾਣ ਲਈ ਮੁਢਲਾ ਹੈ। ਲਿੰਗ ਸੰਵੇਦਨਸ਼ੀਲਤਾ ਇੱਕ ਮਹੱਤਵਪੂਰਣ ਵਿਦਿਅਕ ਚਿੰਤਾ ਹੈ ਜਿਸ ਨੂੰ ਅਧਿਆਪਕਾਂ ਨੂੰ ਉਨ੍ਹਾਂ ਦੇ ਅਧਿਆਪਨ - ਸਿਖਲਾਈ ਪ੍ਰਕਿਰਿਆਵਾਂ ਵਿੱਚ ਏਕੀਕ੍ਰਿਤ ਕਰਨਾ ਚਾਹੀਦਾ ਹੈ।ਸਹਾਇਤਾ ਕਰਤਾ ਦੇ ਰੂਪ ਵਿੱਚ ਸਕਾਰਾਤਮਕ ਰਵੱਈਏ ਅਤੇ ਪਾਠ-ਸ਼ਾਸਤਰੀ ਦਖਲਅੰਦਾਜ਼ੀ ਦੇ ਰਾਹੀਂ ਸਹਿਯੋਗੀ ਹੋਣ ਦੇ ਨਾਤੇ ਉਹ ਵਿਦਿਆਰਥੀਆਂ ਨੂੰ ਲਿੰਗਕ ਅਤੇ ਅੜੀਅਲ ਰਵੱਈਏ ਨੂੰ ਉਜਾਗਰ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ ਜੋ ਉਹ ਸਮਾਜਿਕਕਰਣ ਪ੍ਰਕਿਰਿਆਵਾਂ ਦੁਆਰਾ ਪ੍ਰਾਪਤ ਕਰਦੇ ਹਨ। ਅਧਿਆਪਕਾਂ ਨੂੰ ਪਾਠ ਸਮੱਗਰੀ ਅਤੇ ਪਾਠਕ੍ਰਮ ਦੇ ਲੈਣ-ਦੇਣ ਵਿਚ ਲਿੰਗ ਪੱਖਪਾਤ ਦੇ ਕਾਰਕਾਂ ਨੂੰ ਵੀ ਪਛਾਣਨ ਦੀ ਜ਼ਰੂਰਤ ਹੈ। ਪੁਰਸ਼ ਅਤੇ ਚਰਿਤਰ ਪਾਤਰਾਂ ਦੀ ਸਮੱਗਰੀ ਜਾਂ ਭੂਮਿਕਾ ਨਿਰਧਾਰਨ ਦੇ ਸੰਬੰਧ ਵਿੱਚ ਪੱਖਪਾਤ ਦੀ ਪਛਾਣ ਕਰੋ, ਭਾਸ਼ਾਈ ਪੱਖਪਾਤ ਦੀ ਪੜਚੋਲ ਕਰੋ ਅਤੇ ਸਾਰੇ ਖੇਤਰਾਂ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਪ੍ਰਕਿਰਿਆਵਾਂ ਸਮੇਤ ਪਛਾਣੋ।

ਵਿਸ਼ਿਆਂ ਦੇ ਅਧਿਆਪਨ ਵਿੱਚ ਸ਼ਾਮਿਲ ਕਰਨ ਨੂੰ ਉਤਸਾਹਿਤ ਕਰਨਾ।

"ਮੈਂ ਖੁੱਦ ਸਿੱਖਿਅਕ ਦੇ ਤੌਰ ਤੇ" ਦਿੱਤੇ ਗਏ **ਛੇ ਬਿਆਨ ਪੜ੍ਹੋ ਅਤੇ ਆਪਣੇ ਆਪ ਕੰਮ ਕਰਦਿਆਂ, ਬਿਆਨ ਪੂਰਾ ਕਰੋ।**

**ਇਹ ਵਾਕ ਪੂਰੇ ਕਰੋ:**

**ਮੈਂ ਹੌਲੀ ਹੌਲੀ ਸਿੱਖਦਾ ਹਾਂ ਜਦੋਂ :**____________________________

________________________________________

ਮੈਂ ਤੇਜ਼ੀ ਨਾਲ ਸਿੱਖਦਾ ਹਾਂ ਜਦੋਂ________________________________

________________________________________________

________________________________________________

ਪਾਠ ਪੁਸਤਕਾਂ ਤੋਂ ਸਿੱਖਣਾ ਹੈ________________________________

________________________________________________

________________________________________________

ਸਮੂਹਾਂ ਵਿੱਚ ਸਿੱਖਣਾ ਹੈ____________________________________

________________________________________________

________________________________________________

ਕਿਸੇ ਤੋਂ ਚੰਗੀ ਤਰ੍ਹਾਂ ਸਿੱਖੋ ਜੋ________________________________

________________________________________________

________________________________________________

ਮੈਨੂੰ ਸਿੱਖਣ ਦਾ ਅਨੰਦ ਆਉਂਦਾ ਹੈ ਜਦ__________________________

________________________________________________

________________________________________________

ਵੱਡੇ ਸਮੂਹ ਵਿੱਚ ਹਰੇਕ ਬਿਆਨ ਉੱਤੇ ਆਪਣੇ ਜਵਾਬ ਸਾਂਝੇ ਕਰੋ ਅਤੇ ਉਹਨਾਂ ਨੂੰ ਇਕੱਠਾ ਕਰੋ। ਇਹ ਬਿਲਕੁਲ ਸਪੱਸ਼ਟ ਹੈ ਕਿ ਸਫਲਤਾਪੂਰਵਕ ਸਿੱਖਣ ਲਈ ਸਾਡੇ ਸਾਰਿਆਂ ਦਾ ਆਪਣਾ ਤਰੀਕਾ ਹੈ। ਉਪਰੋਕਤ ਅਭਿਆਸ ਤੁਹਾਡੀ ਕਲਾਸ ਵਿਚ ਬੱਚਿਆਂ ਨਾਲ ਉਨ੍ਹਾਂ ਦੇ ਬਾਰੇ ਹੋਰ ਜਾਣਨ ਅਤੇ ਉਸ ਅਨੁਸਾਰ ਸਿੱਖਿਆ ਦੇਣ ਦੀ ਯੋਜਨਾ ਬਣਾਉਣ ਵਿੱਚ ਮੱਦਦ ਕਰ ਸਕਦਾ ਹੈ। ਤੁਸੀਂ ਬੱਚਿਆਂ ਨੂੰ ਲਿਖਤੀ ਰੂਪ ਵਿੱਚ ਵਾਕਾਂ ਨੂੰ ਪੂਰਾ ਕਰਨ ਜਾਂ ਜ਼ੁਬਾਨੀ ਜਵਾਬ ਦੇਣ ਲਈ ਕਹਿ ਸਕਦੇ ਹੋ।

## ਭਾਸ਼ਾਵਾਂ ਦੇ ਅਧਿਆਪਨ ਵਿੱਚ ਸ਼ਾਮਲ

ਕੁਝ ਬੱਚਿਆਂ ਨੂੰ ਭਾਸ਼ਾ ਸਿੱਖਣ ਵਿੱਚ ਖਾਸ ਮੁਸ਼ਕਲ ਹੋ ਸਕਦੀ ਹੈ। ਮੁਸ਼ਕਲਾਂ ਨੂੰ ਦੂਰ ਕਰਨ ਲਈ ਅਧਿਆਪਕਾਂ ਨੂੰ ਢੁੱਕਵੀਂ ਰਣਨੀਤੀ ਅਪਣਾਉਣ ਦੀ ਜ਼ਰੂਰਤ ਹੋ ਸਕਦੀ ਹੈ। ਇਨ੍ਹਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਅਸਲ-ਜੀਵਨ ਦੀਆਂ ਸਥਿਤੀਆਂ ਨਾਲ ਸਬੰਧਤ ਸਮੱਗਰੀ ਸ਼ਾਮਲ ਕਰਨਾ ਜੋ ਸਾਰੇ ਬੱਚਿਆਂ ਨੂੰ ਲਾਭ ਪਹੁੰਚਾਉਂਦਾ ਹੈ।
- ਜਿੱਥੇ ਕਿਸੇ ਵੀ ਖੇਤਰ ਵਿੱਚ ਇੱਕ ਤੋਂ ਵੱਧ ਭਾਸ਼ਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਤਰਜੀਹੀ ਬਹੁਗਿਣਤੀ ਭਾਸ਼ਾ ਦੀ ਵਰਤੋਂ ਕਰੋ।
- ਸਾਈਨ ਭਾਸ਼ਾ ਅਤੇ ਬ੍ਰੇਲ ਲਿਪੀ ਦੇ ਬਾਰੇ ਸਾਰੇ ਬੱਚਿਆਂ ਵਿੱਚ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਪੈਦਾ ਕਰਨਾ।
- ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਦੀ ਵਰਤੋਂ ਵਿਚ ਆ ਰਹੀਆਂ ਮੁਸ਼ਕਲਾਂ ਦੀ ਪੂਰਤੀ ਲਈ ਵਿਕਲਪਕ ਸੰਚਾਰ ਪ੍ਰਣਾਲੀ।
- ਲਿਖਣ ਵਿੱਚ ਮੁਸ਼ਕਲ ਵਾਲੇ ਬੱਚਿਆਂ ਲਈ ਆਈ.ਸੀ.ਟੀ.
- ਕੁਝ ਬੱਚਿਆਂ ਨੂੰ ਲਿਖਤੀ ਜਾਣਕਾਰੀ ਦੀ ਵਿਆਖਿਆ ਕਰਨ ਲਈ ਸਹਾਇਤਾ ਦੀ ਲੋੜ ਹੋ ਸਕਦੀ ਹੈ।

- ਲੰਬੇ ਅੰਸ਼ਾਂ ਅਤੇ ਵਿਜ਼ੂਅਲ ਇਨਪੁਟਸ ਤੋਂ ਸਿੱਖਣ ਲਈ ਵਧੇਰੇ ਸਮਾਂ ਅਤੇ ਵਿਅਕਤੀਗਤ ਧਿਆਨ ਪ੍ਰਦਾਨ ਕਰੋ। ਬ੍ਰੇਲ ਵਿੱਚ ਟੈਕਸਟ ਨੂੰ ਪੜ੍ਹਨਾ, ਯਾਦ ਰੱਖਣਾ ਅਤੇ ਸੰਸਲੇਸ਼ਣ ਸ਼ਾਮਲ ਹੁੰਦਾ ਹੈ ਕਿਉਂਕਿ ਵਾਕਾਂਸ਼ਾਂ, ਵਾਕਾਂ, ਆਦਿ ਦੀ ਸੰਪੂਰਨਤਾ ਸੰਭਵ ਨਹੀਂ ਹੈ। ਬ੍ਰੇਲ ਟੈਕਸਟ ਨੂੰ ਪੜ੍ਹਦੇ ਸਮੇਂ ਵਿਜ਼ੂਅਲ ਕਮਜ਼ੋਰੀ ਵਾਲੇ ਬੱਚਿਆਂ ਨੂੰ ਇਸ ਤਰ੍ਹਾਂ ਵਧੇਰੇ ਸਮੇਂ ਦੀ ਲੋੜ ਹੁੰਦੀ ਹੈ।
- ਸੁਣਨ ਦੀ ਕਮਜ਼ੋਰੀ ਵਾਲੇ ਬੱਚਿਆਂ ਨਾਲ ਕੰਮ ਕਰਨ ਵਾਲੇ ਅਧਿਆਪਕ ਅਤੇ ਹੋਰਨਾਂ ਨੂੰ ਨਵੀਂ ਸ਼ਬਦਾਵਲੀ ਨੂੰ ਸਮਝਣ ਲਈ, ਸ਼ਬਦਾਂ ਵਿਚ ਵਿਤਕਰਾ ਕਰਨਾ ਅਤੇ ਸ਼ਬਦਾਂ ਨੂੰ ਕਈ ਅਰਥਾਂ ਨਾਲ ਸਮਝਣ ਲਈ ਲੋੜ ਅਧਾਰਤ ਸਹਾਇਤਾ ਦੀ ਜ਼ਰੂਰਤ ਹੈ।
- ਵਾਕਾਂ ਨੂੰ ਬਣਾਉਣ ਵਿੱਚ ਵਿਆਕਰਣ ਅਤੇ ਸ਼ਬਦਾਂ ਦਾ ਸਹੀ ਉਪਯੋਗ ਕਰਨਾ ਸ਼ਾਮਲ ਹੁੰਦਾ ਹੈ, ਜੋ ਕੁਝ ਬੱਚਿਆਂ ਲਈ ਮੁਸ਼ਕਲ ਹੋ ਸਕਦਾ ਹੈ। ਵਿਆਕਰਣ ਦੀ ਵਰਤੋਂ (ਭੂਤਕਾਲ, ਪ੍ਰਸੰਗ, ਕਿਰਿਆਸ਼ੀਲ ਅਤੇ ਅਕਿਰਿਆਸ਼ੀਲ ਵਾਕਾਂ ਦੀ ਵਰਤੋਂ) ਚੁਣੌਤੀਆਂ ਦਾ ਸਾਹਮਣਾ ਕਰ ਸਕਦੀ ਹੈ। ਅਧਿਆਪਕਾਂ ਨੂੰ ਵਾਕ ਨਿਰਮਾਣ, ਵਿਚਾਰਾਂ ਅਤੇ ਸੰਕਲਪਾਂ ਵਿਚਕਾਰ ਸੰਪਰਕ ਬਣਾਉਣ, ਵਿਚਾਰਾਂ ਨੂੰ ਸੰਗਠਿਤ ਕਰਨ ਅਤੇ ਸਮਝਣ ਅਤੇ ਵਾਕਾਂਸ਼ਾਂ ਦੀ ਵਰਤੋਂ 'ਤੇ ਧਿਆਨ ਕੇਂਦਰਤ ਕਰਨ ਦੀ ਜ਼ਰੂਰਤ ਹੁੰਦੀ ਹੈ।
- ਅਧਿਆਪਕਾਂ ਅਤੇ ਹੋਰ ਬੱਚਿਆਂ ਨੂੰ ਜੋ ਸੰਵੇਦਨਸ਼ੀਲ ਕਮਜ਼ੋਰੀ ਵਾਲੇ ਬੱਚਿਆਂ ਨਾਲ ਕੰਮ ਕਰ ਰਹੇ ਹਨ ਉਹਨਾਂ ਲਈ ਜ਼ੁਬਾਨੀ ਭਾਸ਼ਾ (ਸੁਣਨ, ਵਿਚਾਰਾਂ ਦਾ ਪ੍ਰਗਟਾਵਾ ਕਰਨ ਅਤੇ / ਜਾਂ ਬੋਲਣਾ) ਅਤੇ ਬੋਲਣਾ (ਡੂੰਘਾਈ ਨਾਲ ਅਤੇ ਇਕਸਾਰਤਾ ਨਾਲ ਬੋਲਣ ਦੀ ਯੋਗਤਾ), ਪੜ੍ਹਨ (ਡਿਕੋਡਿੰਗ, ਧੁਨੀਆਤਮਕ ਗਿਆਨ ਅਤੇ ਸ਼ਬਦਾਂ ਦੀ ਪਛਾਣ ਸਮੇਤ) ਵਿੱਚ ਸਹਾਇਤਾ ਪ੍ਰਦਾਨ ਕਰਨ ਦੀ ਜਰੂਰਤ ਹੋ ਸਕਦੀ ਹੈ। ਵਿਦਿਆਰਥੀ ਸ਼ਬਦਾਂ ਨੂੰ ਛੱਡ ਸਕਦਾ ਹੈ, ਜਗ੍ਹਾ ਗੁਆ ਸਕਦਾ ਹੈ, ਗਲਤੀ ਨਾਲ ਕਿਸੇ ਸ਼ਬਦ ਦੀ ਥਾਂ ਗ਼ਲਤ ਸ਼ਬਦ ਪ੍ਰਯੋਗ ਕਰ ਸਕਦਾ ਹੈ ਅਤੇ ਲਾਖਣਿਕ ਭਾਸ਼ਾ (ਮੁਹਾਵਰੇ, ਅਲੰਕਾਰ, ਆਦਿ) ਸਮਝਣ ਵਿੱਚ ਮੁਸ਼ਕਿਲ ਆ ਸਕਦੀ ਹੈ।
- ਭਾਸ਼ਾ ਦੀ ਸਮਝ (ਨਵੀਂ ਸ਼ਬਦਾਵਲੀ, ਵਾਕ ਢਾਂਚਾ, ਵੱਖਰੇ ਅਰਥਾਂ ਅਤੇ ਧਾਰਨਾਵਾਂ ਵਾਲੇ ਸ਼ਬਦ) ਖਾਸਕਰ ਜਦੋਂ ਤੇਜੀ ਨਾਲ ਪੇਸ਼ ਕੀਤੇ ਜਾਂਦੇ ਹਨ, ਤਾਂ ਕਲਾਸ ਦੇ ਨੋਟ ਲੈਣ ਵਿਚ ਮੁਸ਼ਕਲ ਆ ਸਕਦੀ ਹੈ। ਅਧਿਆਪਕਾਂ ਨੂੰ ਇਹ ਵੀ ਯਾਦ ਰੱਖਣ ਦੀ ਜ਼ਰੂਰਤ ਹੈ ਕਿ ਕੁਝ ਬੱਚਿਆਂ ਨੂੰ ਵਿਚਾਰਾਂ ਦਾ ਪ੍ਰਬੰਧ ਕਰਨ, ਸੰਸ਼ੋਧਨ ਕਰਨ, ਸ਼ਬਦਾਂ ਦਾ ਉਚਾਰਨ ਕਰਨ ਅਤੇ ਜਾਂ ਇੱਕ ਕਹਾਣੀ ਦੀ ਤਰਤੀਬ ਕਰਨ ਵੇਲੇ ਅਤੇ ਅੱਖਾਂ ਤੇ ਹੱਥਾਂ ਦੇ ਤਾਲਮੇਲ ਵਾਲੀਆਂ ਗਤੀਵਿਧੀਆਂ ਕਰਦੇ ਸਮੇਂ (ਅਣਉਚਿਤ ਲਿਖਤ, ਅਕਸਰ ਸਪੈਲਿੰਗ ਦੀਆਂ ਗਲਤੀਆਂ), ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਗਣਿਤ ਦੇ ਅਧਿਆਪਨ ਵਿੱਚ ਸ਼ਮੂਲੀਅਤ

ਕੁਝ ਵਿਦਿਆਰਥੀਆਂ ਦੀਆਂ ਸੰਬੰਧਿਤ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਭਾਸ਼ਾ ਦੀ ਸਰਲਤਾ ਜ਼ਰੂਰੀ ਹੈ। ਸਪੱਰਸ਼ ਵਾਲੀ ਸਮੱਗਰੀ ਅਤੇ ਜਿਓਮੈਟਰੀ ਲਈ ਸਹਾਇਕ ਸਿੱਖਣ ਸਮੱਗਰੀ ਦੀ ਲੋੜ ਹੋ ਸਕਦੀ ਹੈ ਅਤੇ ਰਕਮ ਹੱਲ ਕਰਨ ਵੇਲੇ ਗਣਨਾ ਦੇਣੀ ਪੈਂਦੀ ਹੈ। ਬੱਚਿਆਂ ਨੂੰ ਗ੍ਰਾਫਾਂ, ਟੇਬਲਾਂ ਜਾਂ ਬਾਰ ਚਾਰਟਾਂ ਵਿੱਚ ਡਾਟਾ ਦੀ ਵਿਆਖਿਆ ਕਰਨ ਵਿੱਚ ਸਹਾਇਤਾ ਦੀ ਜ਼ਰੂਰਤ ਵੀ ਹੋ ਸਕਦੀ ਹੈ। ਇੱਥੇ ਕੁਝ ਸਿੱਖਿਅਕ ਹੋ ਸਕਦੇ ਹਨ ਜਿਨ੍ਹਾਂ ਨੂੰ ਮੌਖਿਕ ਦਿਸ਼ਾਵਾਂ ਦੀ ਵਿਆਖਿਆ ਕਰਨ ਜਾਂ ਮਾਨਸਿਕ ਗਣਨਾ ਕਰਨ ਵੇਲੇ ਸਹਾਇਤਾ ਦੀ ਜ਼ਰੂਰਤ ਹੋ ਸਕਦੀ ਹੈ। ਆਈਸੀਟੀ ਦੀ ਵਰਤੋਂ ਮਾਤਰਾਤਮਕ ਅਤੇ ਸੰਖੇਪ ਸੰਕਲਪਾਂ ਨਾਲ ਮੁਸ਼ਕਲਾਂ ਨੂੰ ਦੂਰ ਕਰਨ ਵਿਚ ਸਹਾਇਤਾ ਕਰ ਸਕਦੀ ਹੈ।

ਘੱਟ ਨਿਗਾਹ ਵਾਲੇ ਬੱਚਿਆਂ ਨਾਲ ਕੰਮ ਕਰਨ ਵਾਲੇ ਅਧਿਆਪਕਾਂ ਅਤੇ ਹੋਰਨਾਂ ਨੂੰ ਸਥਾਨਿਕ ਧਾਰਨਾਵਾਂ ਨੂੰ ਵਿਕਸਤ ਕਰਨ ਅਤੇ ਸਥਾਨਕ ਧਾਰਾਨਾਵਾਂ ਵਿਚਕਾਰ ਸੰਬੰਧਾਂ ਨੂੰ ਸਮਝਣ ਲਈ ਸਹਾਇਤਾ ਪ੍ਰਦਾਨ ਕਰਨ ਦੀ ਜ਼ਰੂਰਤ ਹੈ।

ਇਹਨਾਂ ਬੱਚਿਆਂ ਨੂੰ ਗਣਿਤ ਦੇ ਪਾਠ ਦੀ ਆਡੀਓ ਰਿਕਾਰਡਿੰਗ ਦੀ ਵਿਆਖਿਆ ਕਰਨ ਵਿੱਚ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ (ਉਦਾਹਰਣ ਵਜੋਂ ਸਮੀਕਰਣਾਂ), ਸਥਾਨਿਕ ਪ੍ਰਬੰਧਾਂ, ਰੰਗ ਕੋਡਾਂ ਅਤੇ ਨੇਮਥ ਜਾਂ ਕਿਸੇ ਹੋਰ ਗਣਿਤ ਸੰਬੰਧੀ ਬ੍ਰੇਲ ਕੋਡ ਨੂੰ ਸਮਝਣ ਵਿੱਚ ਜਾਂ ਗਣਿਤ ਦੇ ਪਾਠ ਨੂੰ ਲਿਖਣ ਅਤੇ ਪੜ੍ਹਨ ਵਿੱਚ ਮੁਸ਼ਕਲ ਹੋ ਸਕਦੀ ਹੈ।

ਸੁਣਨ ਦੀ ਕਮਜ਼ੋਰੀ ਵਾਲੇ ਬੱਚਿਆਂ ਨਾਲ ਕੰਮ ਕਰਨ ਵਾਲੇ ਅਧਿਆਪਕਾਂ ਅਤੇ ਹੋਰਨਾਂ ਲਈ ਸਹਾਇਤਾ ਪ੍ਰਦਾਨ ਕਰਨ ਦੀ ਜ਼ਰੂਰਤ ਹੈ। ਭਾਸ਼ਾਈ ਵਾਧੇ ਵਿੱਚ ਦੇਰੀ ਕਾਰਨ ਆਮ ਸ਼ਬਦਾਵਲੀ ਅਤੇ ਤਕਨੀਕੀ ਸ਼ਬਦਾਵਲੀ ਦੀ ਘਾਟ ਹੋ ਸਕਦੀ ਹੈ (ਸ਼ਬਦ ਜਿਵੇਂ ਪਰਸਪਰ, ਰੇਖਿਕ, ਆਦਿ), ਗਣਿਤ ਦੀਆਂ ਸਮੱਸਿਆਵਾਂ ਦੇ ਅਰਥ ਸਮਝਾਉਣ ਲਈ ਬਹੁਤ ਸਾਰੇ ਸ਼ਬਦ ਅਤੇ ਬਹੁ ਅਰਥਾਂ ਵਾਲੇ ਵੱਖ ਵੱਖ ਸ਼ਬਦਾਂ ਦਾ ਪ੍ਰਯੋਗ, ਜਿਵੇਂ ਟੇਬਲ, ਵਿਆਜ, ਕੋਣ, ਰੇਟ, ਆਇਤਨ, ਊਰਜਾ, ਬਿੰਦੂ, ਆਦਿ। ਬੁੱਲ੍ਹਾਂ ਅਤੇ ਭਾਸ਼ਣ ਪੜ੍ਹਨ ਵਿਚ ਗਣਿਤ ਦੇ ਸ਼ਬਦਾਂ ਨੂੰ ਵੱਖ ਕਰਨ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ (ਦਸਾਂ ਅਤੇ ਦਸਵੰਧ, ਸੱਠ ਅਤੇ ਸੋਲ੍ਹਾਂ, ਆਦਿ)। ਸੰਬੰਧਤ ਜਾਣਕਾਰੀ ਦੀ ਚੋਣ ਕਰਨ ਲਈ ਗਿਆਨ ਦੀਆਂ ਨੀਤੀਆਂ ਦੀ ਸੀਮਤ ਵਰਤੋਂ ਕਾਰਨ ਸਮੱਸਿਆਵਾ ਨੂੰ ਹੱਲ ਕਰਨ ਲਈ ਜਰੂਰੀ ਨਿਯਮਾਂ ਨੂੰ ਲਾਗੂ ਕਰਨ ਵਿੱਚ ਵੀ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ।

ਬੌਧਿਕ ਕਮਜ਼ੋਰੀ ਵਾਲੇ ਬੱਚਿਆਂ ਨੂੰ ਕ੍ਰਮਬੱਧ ਕਰਨ, ਪੜਾਅ ਅਨੁਸਾਰ ਸਮੱਸਿਆ ਨੂੰ ਹੱਲ ਕਰਨ ਅਤੇ ਸਥਾਨ ਮੁੱਲ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਗਣਿਤ ਦੀ ਗਣਨਾ, ਗਿਣਤੀ ਵਿੱਚ ਤਬਦੀਲੀਆਂ, ਨਕਲ ਦੀਆਂ ਸਮੱਸਿਆਵਾਂ ਅਤੇ ਸੰਚਾਲਨ ਦੇ ਚਿੰਨ੍ਹ ਵਿੱਚ ਉਲਝਣਾਂ, ਜਿਵੇਂ ਕਿ + ਦੀ ਥਾਂ x , ਅਤੇ ਕਾਰਜਾਂ ਦੇ ਕ੍ਰਮ ਨੂੰ ਵਾਪਸ ਬੁਲਾਉਣ ਵਿੱਚ ਮੁਸ਼ਕਲ ਵੀ ਸਪੱਸ਼ਟ ਹੈ। ਅਲਜਬਰਾ ਅਤੇ ਇੰਟੀਜਰਜ ਆਦਿ ਵਿੱਚ ਵੱਖ ਵੱਖ ਸੰਕਲਪਾਂ ਨੂੰ ਸਮਝਦਿਆਂ ਅਤੇ ਵੱਖ ਵੱਖ ਸ਼ੇਪਾਂ ਦੀ ਪਛਾਣ ਕਰਦੇ ਸਮੇਂ ਬੱਚਿਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਈਵੀਐਸ ਅਤੇ ਸਾਇੰਸ ਦੀ ਟੀਚਿੰਗ ਵਿੱਚ ਸ਼ਾਮਲ

ਕੁਝ ਵਿਦਿਆਰਥੀਆਂ ਨੂੰ ਪ੍ਰਯੋਗਾਂ ਵਿਚ ਹਿੱਸਾ ਲੈਣ ਲਈ ਜਾਂ ਗਤੀਸ਼ੀਲਤਾ ਅਤੇ ਹੇਰਾਫੇਰੀ ਦੇ ਹੁਨਰਾਂ ਦੇ ਨਾਲ ਅੰਦਰ ਜਾਂ ਬਾਹਰ ਦੋਵਾਂ ਗਤੀਵਿਧੀਆਂ ਲਈ ਸਹਾਇਤਾ ਦੀ ਲੋੜ ਹੋ ਸਕਦੀ ਹੈ। ਵਿਦਿਆਰਥੀ ਅਨੁਕੂਲਿਤ ਜਾਂ ਵਿਕਲਪਿਕ ਗਤੀਵਿਧੀਆਂ, ਅਨੁਕੂਲਿਤ ਉਪਕਰਣਾਂ, ਆਈਸੀਟੀ ਦੀ ਵਰਤੋਂ, ਬਾਲਗ ਜਾਂ ਪੀਅਰ ਸਹਾਇਤਾ, ਵਾਧੂ ਸਮਾਂ, ਅਤੇ ਉਨ੍ਹਾਂ ਪਾਠਾਂ ਵਿਚ ਸਹਾਇਤਾ ਪ੍ਰਾਪਤ ਕਰ ਸਕਦੇ ਹਨ ਜੋ ਉਨ੍ਹਾਂ ਨੂੰ ਅਸਾਨੀ ਨਾਲ ਨਹੀਂ ਮਿਲ ਸਕਦੇ।

- ਘੱਟ ਨਜਰਾਂ ਵਾਲੇ ਬੱਚਿਆਂ ਦੇ ਨਾਲ ਕੰਮ ਕਰ ਰਹੇ ਅਧਿਆਪਕਾਂ ਅਤੇ ਹੋਰਾਂ ਨੂੰ ਹਾਲਕਬੋਰਡ, ਪ੍ਰਦਰਸ਼ਨਾਂ, ਪ੍ਰਸਤੁਤੀਆਂ ਤੇ ਦਿੱਖ ਜਾਣਕਾਰੀ ਨੂੰ ਸਮਝਣ ਲਈ ਸਹਾਇਤਾ ਪ੍ਰਦਾਨ ਕਰਨ ਦੀ ਜ਼ਰੂਰਤ ਹੈ।

ਗ੍ਰਾਫਿਕਸ ਅਤੇ ਚਿੱਤਰ, ਪ੍ਰਯੋਗ, ਜਿਸ ਵਿੱਚ ਸਰੀਰਕ ਸੁਰੱਖਿਆ, ਕਾਲਪਨਿਕ ਅਤੇ ਮੁਸ਼ਕਲ ਸੰਕਲਪ ਸ਼ਾਮਲ ਹਨ। ਵਧੇਰੇ ਸਮੇਂ ਦੀ ਜ਼ਰੂਰਤ ਵੀ ਹੋ ਸਕਦੀ ਹੈ।

- ਸੁਣਨ ਦੀ ਕਮਜ਼ੋਰੀ ਵਾਲੇ ਬੱਚਿਆਂ ਨੂੰ ਵੱਖਰੇ ਸ਼ਬਦਾਂ ਅਤੇ ਕਾਲਪਨਿਕ ਸੰਕਲਪਾਂ ਵਿਚਕਾਰ ਸੰਬੰਧਾਂ ਨੂੰ ਸਮਝਣ ਲਈ ਸਹਾਇਤਾ ਦੀ ਲੋੜ ਹੁੰਦੀ ਹੈ। ਵਿਗਿਆਨ ਦੀਆਂ ਧਾਰਨਾਵਾਂ ਜਿਵੇਂ ਕਿ ਪ੍ਰਕਾਸ਼ ਸੰਸ਼ੋਧਨ, ਆਵਾਸ ਸਥਾਨ, ਅਤੇ ਸੂਖਮ ਜੀਵ-ਵਿਗਿਆਨ ਵਿਜ਼ੂਅਲ ਪ੍ਰਸਤੁਤੀਆਂ ਤੋਂ ਬਿਨਾਂ ਸਮਝਣੇ ਮੁਸ਼ਕਿਲ ਹੋ ਸਕਦੇ ਹਨ। ਸਮੱਸਿਆਵਾਂ ਦਾ ਹੱਲ ਕਰਨਾ ਜਿਸ ਵਿੱਚ ਇੱਕ ਤੋਂ ਵੱਧ ਪਹਿਲੂ ਸ਼ਾਮਲ ਹੁੰਦੇ ਹਨ ਉਦਾਹਰਣ ਵਜੋਂ: ਨੰਬਰ, ਆਕਾਰ, ਸ਼ਕਲ ਅਤੇ ਰੰਗ ਦੇ ਕਈ ਪਹਿਲੂ ਦੇ ਅਧਾਰ 'ਤੇ ਆਬਜੈਕਟ ਦੀ ਤੁਲਨਾ ਕਰਨਾ ਮੁਸ਼ਕਲ ਹੋ ਸਕਦਾ ਹੈ।
- ਵਿਗਿਆਨ ਦੀ ਤਕਨੀਕੀ ਭਾਸ਼ਾ ਨੂੰ ਸਮਝਣਾ, ਅਤੇ ਸੰਕਲਪਾਂ (ਅਰਥਾਤ ਦਬਾਅ ਅਤੇ ਤਾਕਤ ਦਰਮਿਆਨ) ਦੇ ਅਰਥਪੂਰਨ ਸੰਬੰਧ / ਸੰਬੰਧ ਬਣਾਉਣ ਲਈ ਬੌਧਿਕ ਵਿਗਾੜ ਵਾਲੇ ਬੱਚਿਆਂ ਦੀ ਸਹੀ ਸਮਝ ਲਈ ਯੋਜਨਾਬੰਦੀ ਕਰਨ ਦੀ ਜ਼ਰੂਰਤ ਹੈ। ਸੰਖੇਪ ਸੰਕਲਪਾਂ, ਯੋਜਨਾਬੰਦੀ, ਪ੍ਰਬੰਧਨ,ਤਰਤੀਬ ਅਤੇ ਸਧਾਰਣ ਲਈ ਸਹਾਇਤਾ ਦੀ ਲੋੜ ਹੈ। ਸਾਥੀ ਸਹਾਇਤਾ, ਵਿਗਿਆਨ ਪ੍ਰਯੋਗਾਂ ਵਿੱਚ ਲਾਹੇਵੰਦ ਹੁੰਦੀ ਹੈ।

**ਅਧਿਆਪਨ ਦੇ ਸਮਾਜਿਕ ਵਿਗਿਆਨ ਵਿੱਚ ਸ਼ਾਮਲ**

ਈਵੀਐਸ ਅਤੇ ਸੋਸ਼ਲ ਸਾਇੰਸ ਵਿਚ ਸਿੱਖਣ ਦੇ ਨਤੀਜੇ ਪ੍ਰਾਪਤ ਕਰਨ ਲਈ, ਕੁਝ ਵਿਦਿਆਰਥੀਆਂ ਨੂੰ ਟੈਕਸਟ ਤੱਕ ਪਹੁੰਚਣ ਲਈ ਤਿਆਰ ਟੇਪਾਂ, ਗੱਲ ਕਰਨ ਵਾਲੀਆਂ ਕਿਤਾਬਾਂ / ਡੀਆਈਐਸਆਈ ਦੀਆਂ ਕਿਤਾਬਾਂ ਦੇ ਰੂਪ ਵਿਚ ਸਹਾਇਤਾ ਦੀ ਜ਼ਰੂਰਤ ਹੋ ਸਕਦੀ ਹੈ- ਆਪਣੇ ਵਿਚਾਰਾਂ ਨੂੰ ਬਦਲਵੇਂ ਸੰਚਾਰ ਢੰਗਾਂ, ਜਿਵੇਂ ਕਿ ਆਈ.ਸੀ.ਟੀ. ਜਾਂ ਭਾਸ਼ਣ ਦੁਆਰਾ ਸੰਚਾਰਿਤ ਕਰਨ ਲਈ ਲਿਖਤ ਵਿੱਚ ਸਹਾਇਤਾ ਸਮੱਗਰੀ ਅਤੇ ਗਤੀਵਿਧੀਆਂ ਦੀ ਅਨੁਕੂਲਤਾ, ਵਿਜ਼ੂਅਲ ਜਾਣਕਾਰੀ ਦੇ ਪ੍ਰਬੰਧਨ ਲਈ ਸਿੱਖਿਆ ਸਹਾਇਤਾ ਅਤੇ / ਜਾਂ ਵੱਖ ਵੱਖ ਭੂਗੋਲਿਕ ਸੰਕਲਪਾਂ, ਵਿਸ਼ੇਸ਼ਤਾਵਾਂ ਅਤੇ ਵਾਤਾਵਰਣ ਨੂੰ ਸਮਝਣ ਲਈ ਸਹਾਇਤਾ। ਸਮੂਹ ਦੀਆਂ ਗਤੀਵਿਧੀਆਂ, ਜਿਵੇਂ ਕਿ ਪ੍ਰੋਜੈਕਟ ਅਤੇ ਸਹਿਕਾਰੀ ਸਿਖਲਾਈ, ਦੁਆਰਾ ਕੀਤੀਆਂ ਜਾਂਦੀਆਂ ਕਿਰਿਆਵਾਂ ਸਾਰੇ ਵਿਦਿਆਰਥੀਆਂ ਨੂੰ ਸਾਰੀਆਂ ਕਲਾਸਰੂਮ ਦੀਆਂ ਗਤੀਵਿਧੀਆਂ ਵਿਚ ਸਰਗਰਮੀ ਨਾਲ ਹਿੱਸਾ ਲੈਣ ਦੇ ਯੋਗ ਬਣਾਉਂਦੀਆਂ ਹਨ। ਵਸੀਲੇ ਚਿੱਤਰ / ਨਕਸ਼ੇ, ਬੋਲਣ ਵਾਲੀਆਂ ਕਿਤਾਬਾਂ, ਆਡੀਓ-ਵਿਜ਼ੂਅਲ ਅਤੇ ਬ੍ਰੇਲ ਸਮੱਗਰੀ, ਆਦਿ ਵਰਗੇ ਸਰੋਤ ਵਰਤੇ ਜਾ ਸਕਦੇ ਹਨ।

- ਅਧਿਆਪਕਾਂ ਨੂੰ ਭੂਗੋਲਿਕ ਸ਼ਬਦਾਂ ਅਤੇ ਸੰਕਲਪਾਂ ਦੀ ਵਿਆਖਿਆ ਕਰਦਿਆਂ ਕਮਜ਼ੋਰ ਦ੍ਰਿਸ਼ਟੀ ਵਾਲੇ ਬੱਚਿਆਂ ਲਈ ਧਿਆਨ ਨਾਲ ਯੋਜਨਾ ਬਣਾਉਣ ਦੀ ਜ਼ਰੂਰਤ ਹੈ, ਉਦਾਹਰਣ ਵਜੋਂ, ਲੰਬਕਾਰ, ਦਿਸ਼ਾਵਾਂ ਅਤੇ ਗ੍ਰਾਫਿਕ ਅਤੇ ਵਿਜ਼ੂਅਲ ਵਰਣਨ ਜਿਵੇਂ ਨਕਸ਼ੇ, ਗ੍ਰਾਫ, ਚਿੱਤਰ, ਪੇਂਟਿੰਗ, ਸ਼ਿਲਾਲੇਖ, ਅਤੇ ਚਿੰਨ੍ਹ ਪੜ੍ਹਨਾ ਅਤੇ ਸਮਾਰਕ ਢਾਂਚੇ ਦਾ ਅਧਿਐਨ ਕਰਦੇ ਸਮੇਂ।
- ਇਨ੍ਹਾਂ ਬੱਚਿਆਂ ਨੂੰ ਵਾਤਾਵਰਣ ਅਤੇ ਪੁਲਾੜ ਦਾ ਅਧਿਐਨ ਕਰਨ ਲਈ ਵੀ ਸਹਾਇਤਾ ਦੀ ਲੋੜ ਹੁੰਦੀ ਹੈ- ਭੂਮੀ, ਜਲਵਾਯੂ, ਬਨਸਪਤੀ ਅਤੇ ਜੰਗਲੀ ਜੀਵਨ ਸਰੋਤਾਂ ਦੀ ਵੰਡ ਅਤੇ ਸੇਵਾਵਾਂ ਦਾ ਵਿਤਰਣ। ਹਵਾਲਾ ਸਮੱਗਰੀ ਜਿਵੇਂ ਸਪੈਲਿੰਗ ਲਿਸਟਾਂ, ਅਧਿਐਨ ਪ੍ਰਸ਼ਨਾਂ, ਮਹੱਤਵਪੂਰਣ ਹਵਾਲਿਆਂ ਅਤੇ ਹੋਰ ਜਾਣਕਾਰੀ ਨੂੰ ਉਭਰੇ ਜਾਂ ਸਪੱਰਸ਼ਕ ਰੂਪ ਵਿੱਚ ਜਾਂ ਉਚਿੱਤ ਰੰਗ ਵਿਰੋਧਾਭਾਸ ਨਾਲ ਵੱਡੇ ਅੱਖਰਾਂ ਵਿੱਚ ਮੁਹੱਈਆ ਕਰਵਾਈ ਜਾ ਸਕਦੀ ਹੈ।

- ਸੁਣਨ ਦੀ ਕਮਜ਼ੋਰੀ ਵਾਲੇ ਬੱਚਿਆਂ ਨੂੰ ਸ਼ਬਦਾਵਲੀ / ਤਕਨੀਕੀ ਸ਼ਬਦਾਂ, ਵੱਖ ਵੱਖ ਧਾਰਨਾਵਾਂ, ਤੱਥਾਂ, ਤੁਲਨਾਵਾਂ, ਪ੍ਰਭਾਵ ਦੇ ਸੰਬੰਧਾਂ ਅਤੇ ਘਟਨਾਵਾਂ ਦੇ ਇਤਿਹਾਸ ਨੂੰ ਸਮਝਣ ਲਈ ਸਹਾਇਤਾ ਦੀ ਲੋੜ ਹੁੰਦੀ ਹੈ। ਉਹ ਇਤਿਹਾਸ ਅਤੇ ਨਾਗਰਿਕ ਸ਼ਾਸ਼ਤਰ ਵਿੱਚ ਪਾਠ (ਪਾਠ ਪੁਸਤਕਾਂ / ਸਰੋਤ ਸਮੱਗਰੀ) ਨੂੰ ਪੜ੍ਹਨ ਵਿਚ ਸਹਾਇਤਾ ਮਿਲਣ ਨਾਲ ਵਧੀਆ ਕਰਦੇ ਹਨ
- ਬੋਧ ਪ੍ਰਕਿਰਿਆ ਦੀਆਂ ਸਮੱਸਿਆਵਾਂ ਵਾਲੇ ਬੱਚਿਆਂ ਲਈ ਚਿੱਤਰ, ਚਾਰਟ, ਗ੍ਰਾਫ ਅਤੇ ਨਕਸ਼ਿਆਂ ਨੂੰ ਸਮਝਣਾ ਮੁਸ਼ਕਲ ਹੋ ਸਕਦਾ ਹੈ ਪੜ੍ਹਨ ਵਿੱਚ ਕਠਿਨਾਈ ਵਾਲੇ ਵਿਦਿਆਰਥੀਆਂ ਲਈ ਲੰਬੇ ਪਾਠ ਤੋਂ ਢੁਕਵੀਂ ਜਾਣਕਾਰੀ ਨੂੰ ਕੱਢਣਾ ਚੁਣੌਤੀ ਹੋ ਸਕਦਾ ਹੈ। ਅੱਗੇ ਅਧਿਆਪਕ ਨੂੰ ਇਹ ਯਾਦ ਰੱਖਣ ਦੀ ਜ਼ਰੂਰਤ ਹੈ ਕਿ ਘਟਨਾਵਾਂ ਦੇ ਕ੍ਰਮ ਨੂੰ ਯਾਦ ਰੱਖਣਾ ਅਤੇ ਉਨ੍ਹਾਂ ਨੂੰ ਜੋੜਨਾ, ਆਮਕਰਨ ਕਰਨਾ ਅਤੇ ਪਾਠ ਪੁਸਤਕਾਂ ਵਿਚ ਵਾਤਾਵਰਣ ਨਾਲ ਜੁੜੀ ਜਾਣਕਾਰੀ ਮੁਸ਼ਕਲਾਂ ਖੜ੍ਹੀਆਂ ਕਰ ਸਕਦੀਆਂ ਹਨ। ਕੁਝ ਬੱਚੇ ਵੱਖ ਵੱਖ ਸੰਕਲਪਾਂ ਨੂੰ ਸਮਝਣ ਅਤੇ ਸਮਝਾਉਣ ਦੀ ਸੀਮਤ ਯੋਗਤਾ ਦਿਖਾ ਸਕਦੇ ਹਨ।

## ਸੰਮਲਿਤ ਵਾਤਾਵਰਣ ਲਈ ਮੁਲਾਂਕਣ


ਪਿਛਲੇ ਭਾਗ ਵਿੱਚ ਵਿਭਿੰਨ ਸਿਖਲਾਈ ਦੀਆਂ ਜ਼ਰੂਰਤਾਂ ਵਾਲੇ ਬੱਚਿਆਂ ਨੂੰ ਸੰਮਲਿਤ ਕਲਾਸ ਰੂਮ ਬਣਾਉਣ ਵਿਚ ਤੁਹਾਡੀ ਸਹਾਇਤਾ ਲਈ ਕੁਝ ਵਿਚਾਰਾਂ ਅਤੇ ਉਦਾਹਰਣਾਂ ਪੇਸ਼ ਕੀਤੀਆਂ। ਇਹ ਭਾਗ ਇੱਕ ਸੰਮਿਲਤ ਸੈਟਿੰਗ ਵਿੱਚ ਮੁਲਾਂਕਣ ਨੂੰ ਲਾਗੂ ਕਰਨ ਲਈ ਕੁਝ ਸੁਝਾਅ ਪੇਸ਼ ਕਰਦਾ ਹੈ ਅਤੇ ਤੁਹਾਨੂੰ ਸੰਮਲਿਤ ਮੁਲਾਂਕਣ ਵਿੱਚ ਸ਼ਾਮਲ ਹੋਣ ਲਈ ਨਵੇਂ ਤਰੀਕਿਆਂ ਦਾ ਵਿਕਾਸ ਕਰਨ ਲਈ ਪ੍ਰੇਰਦਾ ਹੈ। ਆਪਣੀ ਸਿੱਖਿਆ ਦੇਣ ਦੀ ਯੋਜਨਾ ਬਣਾਉਂਦੇ ਸਮੇਂ, ਇਹ ਯਾਦ ਰੱਖਣਾ ਚੰਗਾ ਹੁੰਦਾ ਹੈ ਕਿ ਮੁਲਾਂਕਣ ਇਕ ਪਾਠ ਦੇ ਅਧਿਆਪਨ ਦੌਰਾਨ ਹੁੰਦਾ ਹੈ। ਇਹ ਤੁਹਾਨੂੰ ਵਿਸ਼ੇ ਨੂੰ ਸਿਖਾਉਣ ਲਈ ਹੇਠਾਂ ਦਿੱਤੇ ਕਦਮਾਂ ਨੂੰ ਪਛਾਣਨ ਅਤੇ ਯੋਜਨਾ ਬਣਾਉਣ ਦੀ ਆਗਿਆ ਦਿੰਦਾ ਹੈ। ਤੁਹਾਡੇ ਪਾਠ ਦੇ ਸਿਖਾਉਣ ਦੇ ਅੰਤ ਵਿੱਚ ਮੁਲਾਂਕਣ ਤੁਹਾਨੂੰ ਇਹ ਸਮਝਣ ਵਿੱਚ ਸਹਾਇਤਾ ਕਰਦਾ ਹੈ ਕਿ ਤਸੀਂ ਅਧਿਆਪਨ ਦੇ ਉਦੇਸ਼ਾਂ ਨੂੰ ਕਿੰਨਾ ਕੁ ਹਾਸਿਲ ਕੀਤਾ ਹੈ।


**ਐਨਸੀਐਫ –2005 ਦੇ ਅਨੁਸਾਰ, ਮੁਲਾਂਕਣ ਦਾ ਉਦੇਸ਼ ਨਹੀਂ ਹੈ:**

- ਬੱਚਿਆਂ ਨੂੰ ਧਮਕੀ ਦੇ ਅਧੀਨ ਪੜ੍ਹਨ ਲਈ ਮਜਬੂਰ ਕਰਨਾ
- 'ਹੌਲੀ ਸਿੱਖਣ ਵਾਲੇ' ਜਾਂ 'ਚਮਕਦਾਰ ਵਿਦਿਆਰਥੀ' ਜਾਂ 'ਸਮੱਸਿਆ ਵਾਲੇ ਬੱਚੇ', ਅਜਿਹੀਆਂ ਸ਼੍ਰੇਣੀਆਂ ਵਿੱਚ ਬੱਚਿਆਂ ਨੂੰ ਵੱਖ ਕਰਨਾਂ ।ਅਜਿਹੀਆਂ ਸ਼੍ਰੇਣੀਆਂ ਬੱਚਿਆਂ ਵਿੱਚ ਅਲਗਾਵ ਪੈਦਾ ਕਰਦੀਆਂ ਹਨ ਅਤੇ ਸਿੱਖਣ ਦੀ ਜਿੰਮੇਵਾਰੀ ਪੂਰੀ ਤਰਾਂ ਬੱਚਿਆਂ ਤੇ ਪਾ ਕੇ ਉਹਨਾਂ ਦਾ ਪੈਡੋਗੌਜੀ ਦੀ ਭੂਮਿਕਾ ਅਤੇ ਉਦੇਸ਼ ਤੋਂ ਧਿਆਨ ਹਟਾਉਂਦੀਆਂ ਹਨ।
- ਇੱਕ ਮਿਸ਼ਰਤ ਯੋਗਤਾ ਸਮੂਹ ਵਿੱਚ ਇੱਕ ਪ੍ਰਸ਼ਨ ਲਈ ਵੱਖੋ ਵੱਖਰੀਆਂ ਪ੍ਰਤੀਕਿਰਿਆਵਾਂ ਨੂੰ ਉਤਸ਼ਾਹਤ ਕਰੋ ਅਤੇ ਸਪਸ਼ਟ ਸੰਦੇਸ਼ ਦਿਓ ਅਤੇ ਪ੍ਰਸ਼ਨ ਪੁੱਛਣ ਤੋਂ ਬਾਅਦ ਜਵਾਬ ਦੇਣ ਲਈ ਢੁਕਵਾਂ ਸਮਾਂ ਦਿਓ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਮੱਗਰੀ ਦੀ ਵਿਆਖਿਆ ਕਰਨ ਲਈ ਕੀਤੀਆਂ ਗਈਆਂ ਗਤੀਵਿਧੀਆਂ ਮੁਲਾਂਕਣ ਲਈ ਦੁਬਾਰਾ ਵਰਤੀਆਂ ਜਾ ਸਕਦੀਆਂ ਹਨ।

- ਉੱਤਰ ਚੁਣਨ ਵਿੱਚ ਲਚਕੀਲਾਪਣ ਅਪਣਾਓ। ਉਦਾਹਰਣ ਵਜੋਂ, ਯਾਦ ਕਰਨ ਦੀ ਬਜਾਏ ਦੇਖਕੇ ਅਤੇ ਪਹਿਚਾਣਕੇ ਚੁਣਨ, ਸਹੀ ਉੱਤਰ ਨੂੰ ਰੰਗਣ, ਕੱਟ ਅਤੇ ਪੇਸਟ ਕਰਨਾ, ਮਿਲਾਣ ਕਰਨਾ, ਅਲੱਗ ਨੂੰ ਬਾਹਰ ਕੱਢਣ ਲਈ ਕਹੋ।
- ਸੁਨਣ ਦੀ ਜਰੂਰਤ ਵਾਲੇ ਉੱਤਰਾਂ ਲਈ, ਇੱਕ ਸ਼ਾਬਦਿਕ ਉੱਤਰ ਸਵੀਕਾਰ ਕਰੋ.
- ਪਾਠ-ਪੁਸਤਕ ਅਭਿਆਸਾਂ ਵਿੱਚ ਵਰਣਮਾਲਾ ਦੀਆਂ ਗਤੀਵਿਧੀਆਂ ਟਰੇਸਿੰਗ ਕਰਨ ਦੀ ਬਜਾਏ ਅੱਖਰਾਂ ਦੇ ਕੱਟ-ਆਉਟ ਦਾ ਪ੍ਰਯੋਗ ਕਰੋ ਜਿਸ ਨਾਲ ਵਿਦਿਅਰਥੀਆਂ ਨੂੰ ਵਰਨਮਾਲਾ ਦੇ ਉਤਾਰ ਚੜਾਵ ਅਤੇ ਅਕਾਰ ਨੂੰ ਹੋਰ ਬਰੀਕੀ ਵਿੱਚ ਜਾਨਣ ਵਿੱਚ ਮੱਦਦ ਮਿਲਦੀ ਹੈ।
- ਵਿਕਲਪਿਕ ਤੌਰ ਤੇ ਸਪੀਚ ਪ੍ਰੋਸੈਸਿੰਗ ਵਾਲੇ ਵਿਦਿਆਰਥੀਆਂ ਨੂੰ ਤਸਵੀਰਾਂ ਜਾਂ ਸ਼ਬਦਕਾਟ ਦੀ ਵਰਤੋਂ ਨਾਲ ਸਿਖਲਾਈ ਪ੍ਰਦਰਸ਼ਿਤ ਕਰਨ ਦੀ ਆਗਿਆ ਦਿਓ - ਵਿਦਿਆਰਥੀ ਨੂੰ ਸਿਖਲਾਈ ਦੇ ਪ੍ਰਦਰਸ਼ਨ ਵਜੋਂ ਤਸਵੀਰ (ਚਿੱਤਰਾਂ) ਵੱਲ ਇਸ਼ਾਰਾ ਕਰਨ ਦੀ ਆਗਿਆ ਦਿਓ।
- ਸਿਰਫ ਮੌਖਿਕ ਜਾਂ ਲਿਖਤੀ ਜਵਾਬ ਦੀ ਬਜਾਏ ਜਵਾਬ ਪ੍ਰਾਪਤ ਕਰਨ ਲਈ ਫਲੈਸ਼ ਕਾਰਡਾਂ, ਵਰਡ ਕਾਰਡਾਂ (ਉਦਾਹਰਣ ਲਈ, ਸ਼ਬਦਾਂ ਦੀ ਪਛਾਣ ਕਰਨ ਲਈ ਜਾਂ ਵਿਆਕਰਣ ਅਨੁਸਾਰ ਸਹੀ ਵਾਕ ਦਾ ਨਿਰਮਾਣ ਕਰਨ ਲਈ) ਅਤੇ ਤਸਵੀਰਾਂ, ਅਸਲ ਵਸਤੂਆਂ ਦੀ ਵਰਤੋਂ ਕਰੋ। ਉਦਾਹਰਣ ਲਈ, ਜਦੋਂ ਤੁਸੀਂ ਕਿਸੇ ਜਾਨਵਰ ਦਾ ਨਾਮ ਲੈਂਦੇ ਹੋ ਤਾਂ ਬੱਚੇ ਨੂੰ ਫਲੈਸ਼ ਕਾਰਡ ਚੁੱਕਣ ਲਈ ਕਹੋ। ਗਤੀਵਿਧੀਆਂ ਜਿਵੇਂ ਜਵਾਬਾਂ ਨੂੰ ਮੇਲਣਾ ਜਾਂ ਜਾਂਚਣਾ ਅਸਲ ਆਬਜੈਕਟ ਦੀ ਸਹਾਇਤਾ ਨਾਲ ਕੀਤਾ ਜਾ ਸਕਦਾ ਹੈ।






**ਵਿਚਾਰ ਵਟਾਂਦਰੇ**

**ਆਪਣੇ ਸਾਥੀ ਨਾਲ ਸਾਂਝਾ ਕਰੋ**

**ਤੁਸੀਂ ਸਕੂਲਾਂ ਨੂੰ ਹੋਰ ਕਿਵੇਂ ਸੰਮਲਿਤ ਬਣਾ ਸਕਦੇ ਹੋ ?**

**ਸੰਮਲਿਤ ਸਿੱਖਿਆ ਬੱਚਿਆਂ ਨੂੰ ਆਪਣੇ ਪਰਿਵਾਰ ਅਤੇ ਸਮਾਜ ਨਾਲ ਰਹਿਣ ਵਿਚ ਕਿਵੇਂ ਮਦਦ ਕਰਦੀ ਹੈ?**

**ਕਿਸ ਹੱਦ ਤਕ ਸੰਮਿਲਤ ਵਿਧੀ ਸਿਖਾਉਣ ਦੇ ਤਰੀਕਿਆਂ ਨੂੰ ਮਜ਼ਬੂਤ ਕਰਦੀ ਹੈ ਅਤੇ ਸਾਰਿਆਂ ਲਈ ਸਿੱਖਿਆ ਦੀ ਗੁਣਵੱਤਾ ਵਿਚ ਸੁਧਾਰ ਲਿਆਉਂਦੀ ਹੈ?**




## ਸਿੱਟਾ

ਇਹ ਮਡਿਊਲ ਅਧਿਆਪਕਾਂ ਅਤੇ ਹੋਰ ਸਾਰੇ ਹਿੱਸੇਦਾਰਾਂ ਨੂੰ ਸਕੂਲਾਂ ਨੂੰ ਸੰਮਲਿਤ ਬਣਾਉਣ ਦੇ ਕੰਮ ਵਿੱਚ ਵਿਭਿੰਨ ਸਮੂਹਾਂ ਦੇ ਵਿਦਿਆਰਥੀਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਲਈ ਲੋੜੀਂਦੇ ਗਿਆਨ, ਰਵੱਈਏ ਅਤੇ ਹੁਨਰਾਂ ਦੀ ਪ੍ਰਾਪਤੀ ਵਿੱਚ ਸਹਾਇਤਾ ਕਰੇਗਾ। ਸਮੱਗਰੀ ਪਾਠਕਾਂ ਨੂੰ ਰਾਸ਼ਟਰੀ ਨੀਤੀਆਂ, ਪਾਠਕ੍ਰਮ ਦੇ ਫਰੇਮਵਰਕ, ਖਾਸ ਤੌਰ 'ਤੇ ਐਨਸੀਐਫ 2005, ਸਿੱਖਣ ਦੇ ਨਤੀਜਿਆਂ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਉਚਿਤ ਪੱਧਤੀਆਂ' ਤੇ ਨਜ਼ਦੀਕੀ ਨਜ਼ਰ ਰੱਖਣ ਵਿੱਚ ਸਹਾਇਤਾ ਕਰੇਗੀ। ਇਹ ਅਧਿਆਪਕਾਂ ਨੂੰ ਇਹਨਾਂ ਗੱਲਾਂ ਲਈ ਸਮਰੱਥ ਬਣਾਏਗਾ- ਕਿ ਉਹ ਸੰਮਲਿਤ ਰਣਨੀਤੀਆਂ ਦੀ ਵਰਤੋਂ ਕਰੇ ਅਤੇ ਸਮੂਹ ਬੱਚਿਆਂ ਨੂੰ ਸਵੀਕਾਰ ਕਰੇ, ਸਾਰੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਲਾਸ ਨੂੰ ਭੌਤਿਕ ਅਤੇ ਵਿਵਹਾਰਿਕ ਰੂਪ ਵਿੱਚ ਪੁਨਰ ਗਠਿਤ ਕਰੇ, ਗਤੀਵਿਧੀਆਂ ਦੀ ਇਸ ਢੰਗ ਨਾਲ ਯੋਜਨਾ ਬਣਾਏਗਾ ਕਿ ਕਲਾਸ ਵਿਚ ਸਾਰੇ ਵਿਦਿਆਰਥੀਆਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾਂ ਸਕੇ ਅਤੇ ਸਕੂਲ ਵਿੱਚ ਵਿਦਿਆਰਥੀਆਂ ਦੀ ਵਿਭਿੰਨਤਾ ਪ੍ਰਤੀ ਹਾਂ ਪੱਖੀ ਹੁੰਗਾਰਾ ਮਿਲੇ।

ਸਵੈ-ਮੁਲਾਂਕਣ

- ਪਾਠ ਪੜਾਉਂਦੇ ਸਮੇ ਵਿਭਿੰਨ ਲੋੜਾਂ ਵਾਲੇ ਵਿਦਿਆਰਥੀਆਂ ਦੀ ਮੱਦਦ ਕਰਨ ਦੇ ਲਈ ਤੁਸੀ ਜੋ ਵੀ ਸਿਖਾਉਣ ਦੇ ਵਿਸ਼ੇ ਵਿਚ ਤਬਦੀਲੀਆਂ ਕਰੋਗੇ ਉਹਨਾਂ ਨੂੰ ਸੰਖੇਪ ਵਿੱਚ ਲਿਖੋ।
- ਜਿਸ ਨੂੰ ਤੁਸੀਂ ਮਹੱਤਵਪੂਰਣ ਮਹਿਸੂਸ ਕਰਦੇ ਹੋ, ਉਹਨਾਂ ਤਬਦੀਲੀਆਂ ਨੂੰ ਪਹਿਲ ਦੇ ਕ੍ਰਮ ਵਿੱਚ ਲਿਖੋ

1.

2.

3.

- ਉਸ ਸਹਾਇਤਾ ਅਤੇ ਮਾਰਗ ਦਰਸ਼ਨ ਦੀ ਪਛਾਣ ਕਰੋ ਜੋ ਅਧਿਆਪਕ ਵਜੋਂ ਤੁਹਾਨੂੰ ਇਹ ਤਬਦੀਲੀਆਂ ਕਰਨ ਵਿਚ ਸਹਾਇਤਾ ਕਰੇਗੀ।
- ਇਹ ਤਬਦੀਲੀਆਂ ਸਾਰੇ ਬੱਚਿਆਂ ਲਈ ਲਾਭਕਾਰੀ ਕਿਵੇਂ ਹੋ ਸਕਦੀਆਂ ਹਨ? ਆਪਣੇ ਜਵਾਬਾਂ ਦੀ ਆਪਣੇ ਸਕੂਲ ਦੇ ਦੂਜੇ ਸਹਿਯੋਗੀ ਨਾਲ ਤੁਲਨਾ ਕਰੋ ਅਤੇ ਆਪਣੀ ਸੂਚੀ ਵਿਚ ਵਿਚਾਰ ਸ਼ਾਮਲ ਕਰੋ।
- ਮੈਂ ਮੁਲਾਂਕਣ ਨੂੰ ਸਾਰਿਆਂ ਬੱਚਿਆਂ ਲਈ ਸਾਰਥਕ ਅਤੇ ਸੰਮਲਿਤ ਕਿਵੇਂ ਕਰਾਂਗਾ? ਆਪਣੀ ਸੂਚੀ ਦੀ ਆਪਣੇ ਸਹਿਯੋਗੀ ਨਾਲ ਤੁਲਨਾ ਕਰੋ।

